MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 27 SATURDAY, 8 JULY, 2023
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਆਰਸੀਐਮਪੀ ਨੂੰ ਬਹਾਲ ਕਰਦਿਆਂ ਸਰੀ ਦੀ ਮੇਅਰ ਨੇ ਸਰੀ ਪੁਲਿਸ ਨਾਲ ਮੀਟਿੰਗਾਂ ਕਰਨ ਤੋਂ ਕੀਤਾ ਇਨਕਾਰ




ਵੈਨਕੂਵਰ-ਚੁਣੇ ਜਾਣ ਤੋਂ ਬਾਅਦ ਪਹਿਲੇ 6 ਮਹੀਨਿਆਂ ਵਿਚ ਸਰੀ ਦੀ ਮੇਅਰ ਨੇ ਇਕ ਦਰਜਨ ਤੋਂ ਵੀ ਵੱਧ ਵਾਰ ਆਰਸੀਐਮਪੀ ਦੇ ਸੀਨੀਅਰ ਅਧਿਕਾਰੀਆਂ ਨਾਲ ਮਿਲਣੀ ਕੀਤੀ ਹੈ ਕਿਉਂਕਿ ਉਸ ਨੇ ਅਤੇ ਉਨ੍ਹਾਂ ਦੀ ਪਾਰਟੀ ਨੇ ਆਰਸੀਐਮਪੀ ਨੂੰ ਸ਼ਹਿਰ ਦੀ ਪੁਲਿਸ ਫੋਰਸ ਵਜੋਂ ਮੁੜ ਬਹਾਲ ਕਰਨ ਦੀ ਯੋਜਨਾ ਨੂੰ ਅੱਗੇ ਵਧਾਉਣ ਦੇ ਪੱਖ ਵਿਚ ਵੋਟ ਦਿੱਤਾ ਹੈ ਪਰ ਬਰੈਂਡਾ ਲੋਕ ਨੇ ਸਰੀ ਪੁਲਿਸ ਸਰਵਿਸ ਦੇ ਕਿਸੇ ਵੀ ਅਧਿਕਾਰੀ ਨਾਲ ਮੀਟਿੰਗਾਂ ਕਰਨ ਤੋਂ ਇਨਕਾਰ ਕੀਤਾ ਹੈ ਜਿਸ ਨੂੰ ਸਰੀ ਸ਼ਹਿਰ ਪਿਛਲੇ ਚਾਰ ਸਾਲਾਂ ਤੋਂ ਟਰਾਂਜ਼ੀਸ਼ਨ ਕਰ ਰਿਹਾ ਸੀ। ਗਲੋਬ ਐਂਡ ਮੇਲ ਵਲੋਂ ਫਰੀਡਮ ਆਫ ਇਨਫਰਮੇਸ਼ਨ ਤਹਿਤ ਮੇਅਰ ਦੇ 16 ਅਕਤੂਬਰ 10 ਮਈ ਤਕ ਦੇ ਕੈਲੰਡਰ ਬਾਰੇ ਪ੍ਰਾਪਤ ਕੀਤੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਮਿਸ ਲੋਕ ਨੇ ਸਰੀ ਦੀ ਮੁੱਖ ਡਿਟੈਚਮੈਂਟ ਨਾਲ ਆਪਣੀ ਪਹਿਲੀ ਮੀਟਿੰਗ ਆਪਣੇ ਚੁਣੇ ਜਾਣ ਤੋਂ ਬਾਰਾਂ ਦਿਨ ਬਾਅਦ ਅਤੇ 7 ਨਵੰਬਰ ਨੂੰ ਸਹੁੰ ਚੁੱਕਣ ਤੋਂ ਡੇੜ *(ਬਾਕੀ ਸ.ਫਾ 7 'ਤੇ)*

# ਬਿੱਲ ਸੀ-18 ਦੇ ਅੜਿੱਕੇ ਨੂੰ ਲੈ ਕੇ ਓਟਵਾ ਤੇ ਕਿਊਬਕ ਨੇ ਫੇਸਬੁੱਕ ਤੇ ਇੰਸਟਾਗ੍ਰਾਮ 'ਤੇ ਰੋਕੀ ਇਸ਼ਤਿਹਾਰਬਾਜ਼ੀ

ਓਟਵਾ-ਫੈਡਰਲ ਸਰਕਾਰ ਦੇ ਆਨਲਾਈਨ ਨਿਊਜ਼ ਐਕਟ ਦੇ ਜਵਾਬ ਵਿਚ ਮੇਟਾ ਕੰਪਨੀ ਵਲੋਂ ਆਪਣੇ ਪਲੇਟਫਾਰਮਾਂ 'ਤੇ ਕੈਨੇਡੀਅਨ ਖ਼ਬਰਾਂ ਰੋਕਣ ਦੀਆਂ ਯੋਜਨਾਵਾਂ ਨੂੰ ਲੈ ਕੇ ਫੈਡਰਲ ਤੇ ਕਿਊਬਕ ਸਰਕਾਰਾਂ ਕੰਪਨੀ ਦੇ ਫੇਸਬੁੱਕ ਤੇ ਇੰਸਟਾਗ੍ਰਾਮ ਪਲੇਟਫਾਰਮਾਂ 'ਤੇ ਆਪਣੀ ਸਾਰੀ ਇਸ਼ਤਿਹਾਰਬਾਜ਼ੀ ਮੁਅੱਤਲ ਕਰ ਰਹੀਆਂ ਹਨ। ਫ਼ੈਸਲੇ ਦਾ ਐਲਾਨ ਉਸੇ ਦਿਨ ਕੀਤਾ ਗਿਆ ਜਦੋਂ ਕਿਊਬਕ ਆਧਾਰਤ ਦੋ ਵੱਡੇ ਮੀਡੀਆ ਸੰਗਠਨਾਂ ਕਿਉਬੇਕਰ ਇੰਕ ਤੇ ਕੋਗੇਕੋ ਨੇ ਕਿਹਾ ਕਿ ਉਹ ਇਸੇ ਕਾਰਨ ਮੇਟਾ ਨਾਲ ਇਸ਼ਤਿਹਾਰਬਾਜ਼ੀ ਬੰਦ ਕਰ ਰਹੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਗੂਗਲ ਸਰਕਾਰ ਨਾਲ ਗੱਲਬਾਤ ਕਰ ਰਹੀ ਹੈ ਕਿ ਨਵੇਂ ਕਾਨੂੰਨ ਨੂੰ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ ਜਦਕਿ ਫੇਸਬੁੱਕ ਸਮਝੌਤਾ ਕਰਨ ਤੋਂ ਇਨਕਾਰ ਕਰ ਰਹੀ ਹੈ ਅਤੇ ਕੈਨੇਡੀਅਨ ਖ਼ਬਰਾਂ ਰੋਕਣ ਦੀਆਂ ਯੋਜਨਾਵਾਂ ਨਾਲ ਅੱਗੇ ਵੱਧ ਰਹੀ ਹੈ। ਕਿਊਬਕ 'ਚ ਮੌਂਟਰੇਗੀ ਵਿਚ ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਸਿਰਫ ਧੱਕੇਸ਼ਾਹੀ ਹੈ ਅਤੇ ਸਾਡੇ ਲੋਕਤੰਤਰ ਨੂੰ ਕਮਜ਼ੋਰ ਕਰ ਰਹੀ ਹੈ। ਅਸੀਂ ਗੂਗਲ ਨਾਲ ਉਸਾਰੂ ਗੱਲਬਾਤ ਕਰ ਰਹੇ ਹਾਂ। ਬਦਕਿਸਮਤੀ ਨਾਲ ਫੇਸਬੁੱਕ ਨੇ ਕਿਸੇ ਵੀ ਕਿਸਮ ਦੀ ਜ਼ਿੰਮੇਵਾਰੀ ਨੂੰ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਹੈ ਜਿਹੜੀ ਕਿ ਲੋਕਤੰਤਰਾਂ ਵਿਚ ਯੋਗਦਾਨ ਪਾਉਣ ਲਈ ਹੋ ਸਕਦੀ ਹੈ ਜਿਵੇਂ ਇਸ ਨੇ ਕੰਪਨੀ ਵਜੋਂ ਆਪਣੀ ਸਫਲਤਾ ਵਿਚ ਯੋਗਦਾਨ ਪਾਇਆ ਹੈ। ਲਿਬਰਲ ਪਾਰਟੀ ਨੇ ਕਿਹਾ ਕਿ ਉਸ ਦੀਆਂ ਫੇਸਬੁੱਕ ਤੇ ਇੰਸਟਾਗ੍ਰਾਮ 'ਤੇ ਇਸ਼ਤਿਹਾਰਬਾਜ਼ੀ ਜਾਰੀ ਰੱਖਣ ਦੀਆਂ ਯੋਜਨਾਵਾਂ ਹਨ। ਜਦੋਂ ਇਹ ਪੁੱਛਿਆ ਗਿਆ ਕਿ ਲਿਬਰਲ ਸਰਕਾਰ ਦੀ ਨੀਤੀ ਲਿਬਰਲ ਪਾਰਟੀ ਨਾਲ ਮੇਲ ਕਿਉਂ ਨਹੀਂ ਖਾਂਦੀ ਤਾਂ ਟਰੂਡੋ ਨੇ ਤਬਦੀਲੀ ਦੀ ਸੰਭਾਵਨਾ ਨੂੰ ਖੁਲ੍ਹਾ ਛੱਡ ਦਿੱਤਾ। ਬੁੱਧਵਾਰ ਕਿਊਬਕ ਦੇ ਪ੍ਰੀਮੀਅਰ ਫਰਾਂਕੋਇਸ ਲੇਗੌਲਟ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਸੂਬਾ ਸਰਕਾਰ ਨੇ ਫੇਸਬੁੱਕ 'ਤੇ ਸਾਰੀ ਇਸ਼ਤਿਹਾਰਬਾਜ਼ੀ ਮੁਅੱਤਲ ਕਰ ਦਿੱਤੀ ਹੈ ਕਿਉਂਕਿ ਕੰਪਨੀ ਦੀਆਂ *(ਬਾਕੀ ਸ.ਫਾ 7 'ਤੇ)*





For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਣਿਤ (CERTIFIED) ਹਾਂ।
SEMCD CERTIFIED CLINICIAN
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

TRANSource FREIGHTWAYS
*First Time Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S|T &|A Simpson, Thomas and Associates
When you need strong legal representation
We lend a helping hand.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
An injury or legal dispute can leave you feeling lost. As a team with over 50 years' experience, we sit and listen. Our team understands Canadian law and how it relates to your rights, whether that means injury and compensation or settling a family dispute.
BBB ACCREDITED BUSINESS
We have translators fluent in Hindi and Punjabi.
Reach out for a legal consultation.
604 689 8888
simpsonthomas.com
@stalawyers
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXIO Accounting • Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 11 ISSUE : 27 SATURDAY, 8 JULY, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
ਰੇਡੀਓ ਪੰਜਾਬ Radio Punjab
Available on the App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

# ਗੁਜਰਾਤ ਹਾਈ ਕੋਰਟ ਨੇ ਰਾਹੁਲ ਗਾਂਧੀ ਦੀ ਸਜ਼ਾ 'ਤੇ ਰੋਕ ਲਾਉਣ ਵਾਲੀ ਪਟੀਸ਼ਨ ਰੱਦ ਕੀਤੀ



ਅਹਿਮਦਾਬਾਦ-ਗੁਜਰਾਤ ਹਾਈ ਕੋਰਟ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ਮੋਦੀ ਗੋਤ ਬਾਰੇ ਟਿੱਪਣੀ ਸਬੰਧੀ ਅਪਰਾਧਿਕ ਮਾਣਹਾਨੀ ਦੇ ਮਾਮਲੇ 'ਚ ਦੋਸ਼ੀ ਠਹਿਰਾਏ ਜਾਣ 'ਤੇ ਰੋਕ ਲਗਾਉਣ ਦੀ ਮੰਗ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਜਸਟਿਸ ਹੇਮੰਤ ਪ੍ਰਚਾਰਕ ਦੀ ਅਦਾਲਤ ਨੇ ਇਹ ਫੈਸਲਾ ਸੁਣਾਇਆ। ਜੇ ਸਜ਼ਾ 'ਤੇ ਰੋਕ ਲੱਗਦੀ ਤਾਂ ਸ੍ਰੀ ਗਾਂਧੀ ਦੀ ਸੰਸਦ ਮੈਂਬਰ ਵਜੋਂ ਬਹਾਲੀ ਦਾ ਰਾਹ ਖੁੱਲ੍ਹ ਜਾਂਦਾ। ਇਸ ਦੌਰਾਨ ਕਾਂਗਰਸ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਨੂੰ ਚੁਣੌਤੀ ਦੇਵੇਗੀ।

# ਲੁਧਿਆਣਾ ਦੇ ਸਲੇਮ ਟਾਬਰੀ ਇਲਾਕੇ 'ਚ ਪਰਿਵਾਰ ਦੇ ਤਿੰਨ ਜੀਆਂ ਦਾ ਕਤਲ

ਲੁਧਿਆਣਾ-ਇਥੋਂ ਦੇ ਥਾਣਾ ਸਲੇਮ ਟਾਬਰੀ ਇਲਾਕੇ ਵਿਚਲੇ ਲਕਸ਼ਮੀ ਨਗਰ 'ਚ ਪਰਿਵਾਰ ਦੇ ਤਿੰਨ ਜੀਆਂ ਦਾ ਕਤਲ ਕਰ ਦਿੱਤਾ ਗਿਆ ਹੈ। ਘਟਨਾ ਦਾ ਪਤਾ ਸਵੇਰੇ ਉਸ ਵੇਲੇ ਲੱਗਿਆ ਜਦੋਂ ਦੋਧੀ ਘਰ ਆਇਆ। ਉਸ ਲਈ ਜਦੋਂ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ ਤਾਂ ਉਸ ਨੇ ਇਸ ਦੀ ਸੂਚਨਾ ਗੁਆਂਢੀਆਂ ਨੂੰ ਦਿੱਤੀ। ਇਸ ਤੋਂ ਬਾਅਦ ਪੁਲੀਸ ਨੂੰ ਸੂਚਨਾ ਦਿੱਤੀ ਗਈ।ਪੁਲੀਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਚਮਲ ਲਾਲ (70), ਉਸ ਦੀ ਪਤਨੀ ਸੁਰਿੰਦਰ ਕੌਰ (65) ਅਤੇ ਮਾਂ ਬੀਬੀ ਜੀਤੋ (95) ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜੋੜੇ ਦੇ ਚਾਰ ਪੁੱਤਰ ਹਨ, ਜੋ ਵਿਦੇਸ਼ ਵਿੱਚ ਹਨ।

# ਮੁੱਖ ਮੰਤਰੀ ਨੇ ਪਿਸ਼ਾਬ ਘਟਨਾ ਪੀੜਤ ਦੇ ਪੈਰ ਧੋ ਕੇ ਮੁਆਫ਼ੀ ਮੰਗੀ

ਭੋਪਾਲ (ਮੱਧ ਪ੍ਰਦੇਸ਼)-ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਸਿੱਧੀ ਜ਼ਿਲ੍ਹੇ 'ਚ ਪਿਸ਼ਾਬ ਘਟਨਾ ਦੇ ਪੀੜਤ ਕਬਾਇਲੀ ਨੌਜਵਾਨ ਦੇ ਪੈਰ ਧੋਤੇ ਅਤੇ ਘਟਨਾ 'ਤੇ ਅਫਸੋਸ ਜ਼ਾਹਿਰ ਕਰਦਿਆਂ ਉਸ ਕੋਲੋਂ ਮੁਆਫ਼ੀ ਮੰਗੀ। ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਅਜਿਹੀਆਂ ਅਨਿਆਂ ਵਾਲੀਆਂ ਕਾਰਵਾਈਆਂ ਅਤੇ ਗਰੀਬਾਂ ਖ਼ਿਲਾਫ਼ ਗਲਤ ਕੰਮ ਕਰਨ ਵਾਲਿਆਂ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ। ਇਸੇ ਦੌਰਾਨ ਮੱਧ ਪ੍ਰਦੇਸ਼ ਪੁਲੀਸ ਨੇ ਟਵਿੱਟਰ ਨੂੰ ਈਮੇਲ ਭੇਜ ਕੇ ਸਿੱਧੀ ਜ਼ਿਲ੍ਹੇ 'ਚ ਵਾਪਰੀ ਉਕਤ ਘਟਨਾ ਦੀ ਤਸਵੀਰ ਨਾਲ ਛੇੜਛਾੜ ਕਰਕੇ ਤਿਰੰਗੇ ਦਾ ਅਪਮਾਨ ਕਰਨ ਵਾਲੇ ਵਿਅਕਤੀ ਬਾਰੇ ਜਾਣਕਾਰੀ ਮੰਗੀ ਹੈ।



ਮੁੱਖ ਮੰਤਰੀ ਚੌਹਾਨ ਨੇ ਅੱਜ ਆਪਣੀ ਸਰਕਾਰੀ ਰਿਹਾਇਸ਼ 'ਚ ਫਰਸ਼ 'ਤੇ ਬੈਠ ਕੇ ਪੀੜਤ ਨੌਜਵਾਨ ਦਸ਼ਮਤ ਰਾਵਤ ਦੇ ਪੈਰ ਧੋਤੇ। ਨੌਜਵਾਨ ਦੇ ਪੈਰ ਧੋਣ ਲਈ ਵਰਤਿਆ ਪਾਣੀ ਚੌਹਾਨ ਨੇ ਆਪਣੇ ਸਿਰ 'ਤੇ ਲਾਇਆ ਅਤੇ ਕਿਹਾ ਕਿ ਉਹ ਇਸ ਘਟਨਾ ਤੋਂ ਉਦਾਸ ਹਨ। ਉਨ੍ਹਾਂ ਨੇ ਨੌਜਵਾਨ ਨੂੰ 'ਸੁਦਾਮਾ' ਆਖਿਆ ਅਤੇ ਕਿਹਾ, "ਦਸ਼ਮਤ, ਹੁਣ ਤੁਸੀਂ ਮੇਰੇ ਮਿੱਤਰ ਹੋ।" ਇਸ ਦੌਰਾਨ ਮੁੱਖ ਮੰਤਰੀ ਚੌਹਾਨ ਨੇ ਨੌਜਵਾਨ ਨਾਲ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਤੇ ਪੁੱਛਿਆ ਕਿ ਕੀ ਉਨ੍ਹਾਂ ਨੂੰ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਮਿਲ ਰਿਹਾ ਹੈ ਜਾਂ ਨਹੀਂ। ਚੌਹਾਨ ਨੇ ਦਸ਼ਮਤ ਦੀ ਪਤਨੀ ਆਸ਼ਾ ਰਾਵਤ ਨਾਲ ਵੀ ਗੱਲਬਾਤ ਕੀਤੀ ਅਤੇ ਪਰਿਵਾਰਕ ਲੋੜਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ।ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ।ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ।ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ।ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਭਾਰਤ/ਪੰਜਾਬ ਜਾਣ ਵਾਲਿਓ ਸਾਵਧਾਨ !

ਸਰੀ (ਅਮਰਜੀਤ ਸਿੰਘ)-ਹਰ ਪਰਵਾਸੀ ਦਾ ਕਦੇ ਨਾ ਕਦੇ ਆਪਣੇ ਦੇਸ ਗੇੜਾ ਮਾਰਨ ਅਤੇ ਸਕੇ-ਸੰਬੰਧੀਆਂ ਜਾਂ 'ਮਿੱਤਰ-ਸਨੇਹੀਆਂ' ਨੂੰ ਮਿਲਣ ਨੂੰ ਦਿਲ ਕਰਦਾ ਹੈ ਪਰ ਜਿਵੇਂ ਅਸੀਂ ਕਈ ਗੱਲਾਂ ਦਿੱਲੀ ਏਅਰ ਪੋਰਟ ਬਾਰੇ ਸੁਣਦੇ ਹਾਂ ਅਤੇ ਪਿਛਲੇ ਸਮੇਂ ਇਕ ਵੀਡੀਓ ਵੀ ਸਾਹਮਣੇ ਆਈ ਸੀ ਕਿ ਕਿਸ ਤਰ੍ਹਾਂ ਉੱਥੇ ਅਟੈਚੀਆਂ 'ਚੋਂ ਸਾਮਾਨ ਆਦਿ ਕੱਢਿਆ ਜਾ ਰਿਹਾ ਸੀ। ਅਜਿਹੀ ਹੀ ਘਟਨਾ ਸੁਰਜੀਤ ਸਿੰਘ ਸਿੱਧੂ ਨਾਲ ਮਾਰਚ ਮਹੀਨੇ ਵਾਪਰੀ। ਕੁਝ ਦਿਨ ਪਹਿਲਾਂ ਉਨ੍ਹਾਂ ਫ਼ੋਨ 'ਤੇ ਹਾਲ-ਚਾਲ ਪੁੱਛਣ ਸਮੇਂ ਦੱਸੀ। ਉਹ 04 ਮਾਰਚ, 2023 ਨੂੰ ਵੈਨਕੂਵਰ ਤੋਂ ਦਿੱਲੀ ਲਈ ਜਹਾਜ਼ 'ਤੇ ਰਵਾਨਾ ਹੋਏ ਅਤੇ 05 ਮਾਰਚ ਨੂੰ ਦਿੱਲੀ ਪਹੁੰਚੇ। ਏਅਰ ਪੋਰਟ ਤੋਂ ਆਪਣੇ ਅਟੈਚੀ ਆਦਿ ਲੈ ਕੇ ਉਹ ਦਿੱਲੀ ਹੀ ਕਿਸੇ ਸਨੇਹੀ ਦੇ ਘਰ ਰਹੇ। ਅਗਲੇ ਦਿਨ ਜਦ ਉਹ ਪੰਜਾਬ ਪਹੁੰਚ ਮੌੜ ਪਿੰਡ (ਨੇੜੇ ਬਾਘਾ ਪੁਰਾਣਾ) ਵਿਖੇ ਆਪਣੀ ਰਿਸ਼ਤੇਦਾਰੀ ਵਿਚੋਂ ਰਹੇ ਤਾਂ ਜਦ ਕੁਝ ਸਾਮਾਨ ਦੀ ਜ਼ਰੂਰਤ ਪਈ ਤਾਂ ਉਨ੍ਹਾਂ ਆਪਣੇ ਅਟੈਚੀ ਦੇਖੇ। ਉਨ੍ਹਾਂ ਦੱਸਿਆ ਕਿ ਉਹ ਹੈਰਾਨ ਰਹਿ ਗਏ ਇਹ ਦੇਖ ਕੇ ਕਿ ਉਨ੍ਹਾਂ ਦੇ ਅਟੈਚੀ ਨਾਲ ਕੁਝ ਛੇੜ-ਛਾੜ ਹੋਈ ਸੀ। ਜਦ ਉਹਨਾਂ ਅਟੈਚੀ ਦਾ ਚੰਗੀ ਤਰ੍ਹਾਂ ਨਰੀਖਣ ਕੀਤਾ ਤਾਂ ਪਤਾ ਲੱਗਾ ਕਿ ਉਨ੍ਹਾਂ ਦਾ ਕਾਫ਼ੀ ਸਾਮਾਨ ਜਿਸ ਵਿਚ ਕੁਝ ਪੱਗਾਂ, ਜੈਕਟਾਂ, ਬਦਾਮ, ਕਾਜੂ ਅਤੇ ਪਿਸ਼ਤੇ ਦੇ ਪੈਕਟ ਗੈਬ ਸਨ। ਉਨ੍ਹਾਂ ਦੇ ਦੱਸਣ ਅਨੁਸਾਰ ਲਗਭਗ ਵੀਹ-ਪੱਚੀ ਹਜ਼ਾਰ ਭਾਰਤੀ ਰੁਪਏ ਦਾ ਉਨ੍ਹਾਂ ਦਾ ਨੁਕਸਾਨ ਹੋਇਆ। ਉਹਨਾਂ ਪਰਵਾਸੀਆਂ ਨੂੰ ਸੁਚੇਤ ਕੀਤਾ ਕਿ ਆਪਣੇ ਵਤਨ ਵਾਪਸੀ ਸਮੇਂ ਅਟੈਚੀਆਂ ਵਿਚ ਸਮਾਨ ਸੋਚ ਸਮਝ ਕੇ ਹੀ ਪਾਇਆ ਜਾਵੇ ਕਿਉਂਕਿ ਦਿੱਲੀ ਏਅਰ ਪੋਰਟ 'ਤੇ ਅਟੈਚੀਆਂ 'ਚੋਂ ਸਾਮਾਨ ਚੋਰੀ ਕਰਨ ਵਾਲੇ ਬੜੇ 'ਮਾਹਰ' ਹਨ ਪਤਾ ਵੀ ਨਹੀਂ ਲੱਗਣ ਦਿੰਦੇ। ਅਟੈਚੀ ਬੜੀ ਹੁਸ਼ਿਆਰੀ ਨਾਲ ਉਸੇ ਤਰ੍ਹਾਂ ਬੰਦ ਕਰ ਦਿੰਦੇ ਹਨ। ਇਸ ਪ੍ਰਤੀ ਦਿੱਲੀ ਏਅਰ ਪੋਰਟ ਪ੍ਰਬੰਧਕਾਂ ਨੂੰ ਧਿਆਨ ਦੇਣ ਦੀ ਲੋੜ ਹੈ ਤਾਂਕਿ ਪਰਵਾਸੀਆਂ ਦੀ ਵਤਨ ਫੇਰੀ ਦਾ ਸੁਆਦ ਕਿਰਕਰਾ ਨਾ ਹੋਵੇ।






# ਐਬਟਸਫੋਰਡ ਦੀ ਵੈਸਟ ਕੋਸਟ ਟੀਮ ਨੇ ਜਿੱਤਿਆ ਸ਼ਿਆਟਲ ਸਿੱਖ ਹੂਪਸ ਬਾਸਕਟਬਾਲ ਟੂਰਨਾਮੈਂਟ

## ਮਨਿੰਦਰ ਗਿੱਲ ਅਤੇ ਜੋਸ਼ ਢਿੱਲੋਂ ਉੱਤਮ ਖਿਡਾਰੀ ਐਲਾਨੇ

ਵੈਨਕੂਵਰ-ਹਾਲ ਹੀ ਵਿੱਚ 23 ਜੂਨ ਤੋਂ 25 ਜੂਨ ਤੱਕ ਅਮਰੀਕਾ ਦੇ ਵਾਸ਼ਿਗਟਨ ਸੂਬੇ ਦੇ ਸ਼ਹਿਰ ਕਿੰਟ ਵਿਖੇ ਤਿੰਨ ਰੋਜ਼ਾ ਸ਼ਿਆਟਲ ਸਿੱਖ ਹੂਪਸ ਬਾਸਕਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਅਮਰੀਕਾ ਅਤੇ ਕੈਨੇਡਾ ਤੋਂ ਚੋਟੀ ਦੀਆਂ ਪ੍ਰਸਿੱਧ ਟੀਮਾਂ ਨੇ ਭਾਗ ਲਿਆ। ਪ੍ਰੀ ਕੁਆਟਰ, ਕੁਆਟਰ ਅਤੇ ਸੈਮੀਫਾਈਨਲ ਦੇ ਬੜੇ ਫਸਵੇਂ ਮੈਚ ਦੇਖਣ ਨੂੰ ਮਿਲੇ। ਇਸ ਟੂਰਨਾਮੈਂਟ ਵਿੱਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪੰਜਾਬੀ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਐਬਟਸਫੋਰਡ ਦੀਆਂ 4 ਟੀਮਾਂ ਨੇ ਉਚੇਚੇ ਤੌਰ 'ਤੇ ਭਾਗ ਲਿਆ। ਇਨ੍ਹਾਂ ਚਾਰਾਂ ਟੀਮਾਂ ਵਿੱਚੋਂ ਵੈਸਟ ਕੋਸਟ ਦੀ ਟੀਮ ਨੇ ਫਾਈਨਲ ਮੈਚ ਖੇਡਦਿਆਂ ਆਪਣੀ ਵਿਰੋਧੀ ਟੀਮ ਨੂੰ ਪਛਾੜ ਕੇ ਇਹ ਟੂਰਨਾਮੈਂਟ ਜਿੱਤ ਲਿਆ। ਜਿਕਰਯੋਗ ਹੈ ਕਿ ਇਸ ਟੀਮ ਵਿੱਚ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਦੇ ਮੁੱਖ ਸੇਵਾਦਾਰ ਮਨਿੰਦਰ ਸਿੰਘ ਗਿੱਲ ਅਤੇ ਵਰਿੰਦਰ ਸਿੰਘ ਵੜੈਚ ਨੇ ਵੈਸਟ ਕੋਸਟ ਟੀਮ ਵੱਲੋਂ ਫਾਈਨਲ ਮੈਚ ਖੇਡਦਿਆਂ ਉੱਤਮ ਪ੍ਰਦਰਸ਼ਨ ਕੀਤਾ। ਫ਼ਾਈਨਲ ਮੈਚ ਖੇਡਦਿਆਂ ਮਨਿੰਦਰ ਗਿੱਲ ਨੇ ਭਾਵੇਂ ਬਹੁਤ ਸਾਰੇ ਪੁਇੰਟ ਬਣਾਏ ਪਰ ਉਸ ਵੱਲੋਂ ਬਣਾਏ ਪਹਿਲੇ 12 ਪੁਇੰਟ ਉਸ ਦੀ ਟੀਮ ਲਈ ਨਾ ਟੁੱਟਣ ਵਾਲੀ ਵੱਡੀ ਜੇਤੂ ਲੀਡ ਸਿੱਧ ਹੋਈ ਜਿਸ ਕਰਕੇ ਉਸ ਨੂੰ ਫ਼ਾਈਨਲ ਮੈਚ ਸਭ ਤੋਂ ਵਧੀਆ ਖਿਡਾਰੀ ਐਲਾਨਿਆਂ ਗਿਆ। ਇਸ ਤੋਂ ਇਲਾਵਾ ਜੋਸ਼ ਢਿੱਲੋਂ ਨੂੰ ਵੀ ਤੇਜ ਤਰਾਰ ਖਿਡਾਰੀ ਵਜੋਂ ਨਿਵਾਜਿਆ ਗਿਆ।

# ਸਰੀ ਦੀ ਕੈਂਪਬਿਲ ਹਾਈਟਸ ਵਿਚ ਸੜਕਾਂ 'ਤੇ ਦੌੜ ਲਗਾਉਂਦੀਆਂ 6 ਕਾਰਾਂ ਜ਼ਬਤ

ਸਰੀ-ਸਰੀ ਆਰਸੀਐਮਪੀ ਟਰੈਫਿਕ ਯੂਨਿਟ ਨੇ ਹਾਲ ਹੀ ਵਿਚ ਕੈਂਪਬੈੱਲ ਹਾਈਟਸ ਜਿਸ ਨੂੰ ਰੇਸਿੰਗ ਤੇ ਸਟੰਟ ਕਰਨ ਦੀ ਸੜਕ ਵਜੋਂ ਜਾਣਿਆਂ ਜਾਂਦਾ ਹੈ ਵਿਚ ਇਨਫੋਰਸਮੈਂਟ ਦੌਰਾਨ 6 ਮੋਟਰ ਗੱਡੀਆਂ ਨੂੰ ਜ਼ਬਤ ਕੀਤਾ ਗਿਆ ਹੈ। ਇਸ ਸਾਲ ਦੇ ਸ਼ੁਰੂ ਵਿਚ 12 ਮਈ ਨੂੰ 192 ਸਟਰੀਟ ਦੇ 2700 ਬਲਾਕ ਵਿਚ ਇਕ ਵੱਡੇ ਇਕੱਠ ਦੌਰਾਨ 1937 ਸ਼ੈਵਰਲੇ ਮੋਟਰ ਗੱਡੀ ਸਟੰਟ ਕਰ ਰਹੀ ਸੀ ਜਦੋਂ ਡਰਾਈਵਰ ਦਾ ਇਸ ਤੋਂ ਕੰਟਰੋਲ ਖੋ ਗਿਆ ਅਤੇ ਉਹ ਸੇਮੀ ਟਰੱਕ ਨਾਲ ਟਕਰਾ ਗਈ। ਇਹ ਟੱਕਰ ਵੀਡੀਓ ਵਿਚ ਕੈਦ ਹੋ ਗਈ ਅਤੇ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋਈ। ਇਸ ਦੁਰਘਟਨਾ ਵਿਚ ਡਰਾਈਵਰ ਬਹੁਤਾ ਜ਼ਖ਼ਮੀ ਨਹੀਂ ਹੋਇਆ। ਜਾਂਚ ਪਿੱਛੋਂ ਇਕ ਰਿਪੋਰਟ ਬੀਸੀ ਪ੍ਰੌਸੀਕਿਊਸ਼ਨ ਸਰਵਿਸ ਨੂੰ ਸੌਂਪ ਕੇ ਡਰਾਈਵਰ ਖਿਲਾਫ ਅਪਰਾਧਿਕ ਦੋਸ਼ ਲਗਾਉਣ ਦੀ ਸਿਫਾਰਸ਼ ਕੀਤੀ ਗਈ। ਪਿਛਲੇ ਮਹੀਨੇ 16 ਜੂਨ ਨੂੰ ਸਰੀ ਆਰਸੀਐਮਪੀ ਟਰੈਫਿਕ ਯੂਨਿਕ ਨੇ ਉਸੇ ਇਲਾਕੇ ਵਿਚ ਪ੍ਰੋਐਕਟਿਵ ਇਨਫੋਰਸਮੈਂਟ ਕੀਤੀ। 192 ਨੰਬਰ ਸੜਕ ਉਹ ਥਾਂ ਹੈ ਜਿਥੇ ਲੋਕ ਸਟਰੀਟ ਰੇਸ ਲਈ ਇਕੱਤਰ ਹੁੰਦੇ ਹਨ। ਕੁਲ ਮਿਲਾ ਕੇ ਬਹੁਤ ਜ਼ਿਆਦਾ ਰਫ਼ਤਾਰ, ਮੋਟਰ ਗੱਡੀ ਵਿਚ ਨੁਕਸ ਅਤੇ ਟਰੈਫਿਕ ਉਲੰਘਣਾ ਲਈ 21 ਟਿਕਟਾਂ ਜਾਰੀ ਕੀਤੀਆਂ ਗਈਆਂ। ਪੰਜ ਟਿਕਟਾਂ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ ਵਾਲਿਆਂ ਨੂੰ ਦਿੱਤੀਆਂ ਗਈਆਂ ਜਿਸ ਦੇ ਸਿੱਟੇ ਵਜੋਂ ਮੋਟਰ ਗੱਡੀਆਂ ਨੂੰ 7 ਦਿਨ ਲਈ ਜ਼ਬਤ ਕਰ ਲਿਆ ਗਿਆ। ਇਕ ਡਰਾਈਵਰ ਨਸ਼ੇ ਵਿਚ ਮਿਲਿਆ ਅਤੇ ਉਸ ਨੂੰ ਤਿੰਨ ਦਿਨ ਲਈ ਸੜਕ 'ਤੇ ਡਰਾਈਵਿੰਗ ਕਰਨ ਤੋਂ ਮਨਾਹੀ ਕਰ ਦਿੱਤੀ ਗਈ ਅਤੇ ਉਸ ਦੀ ਕਾਰ ਨੂੰ ਜ਼ਬਤ ਕਰ ਲਿਆ ਗਿਆ।


EVERSHINE FAMILY DENTISTRY

"Healthy beautiful Smiles"

Fillings, Extractions, Deep Cleaning, Crown and Bridge, Root Canals, Digital X-Rays

Practising for more than 11 years

111 - 7130 120 Street Surrey, BC V3W 3M8

(Near Guru Nanak Sikh Gurdwara) Located Ground Floor of Satnam Plaza

www.evershinedental.ca

604-593-6515



Dr. Anjanpal Kaur Bhalla



BC's Top Mortgage Broker

CMA 2023 Award Winner - Broker of the Year - BC

Purchase

with Quick Approval & Cash Back upto $4,000*

CANADA'S Top #26 MORTGAGE BROKER-2022





Raj Gill, AMP

Sharnjit S Gill, AMP

VANCOUVER
Unit 200-6330 Fraser St
E: airraj@shaw.ca
604 564 1000

Our Symbol of Care & Service
Superior Mortgage
The Banking Alternative
www.QUICKAPPROVAL.ca
*Some conditions apply.

SURREY
Unit 244 8138 128 St,
E: sharnjitgill@shaw.ca
604 507 1000



JJB INSURANCE

Sarban Singh Sidhu

604-507-6866

#1, 13791, 72 AVE, SURREY (NEAR FRUITICANA)

BBB ACCREDITED BUSINESS

An Independent Insurance Broker Covers You Best

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE

*RATES SUBJECT TO CHANGE WITHOUT ANY NOTICE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available



# ਸਕਾਈ ਟਰੇਨ ਵਰਕਰਾਂ ਦੀ ਯੂਨੀਅਨ ਵਲੋਂ ਬੀਸੀ ਰੈਪਿਡ ਟਰਾਂਜ਼ਿਟ ਨਾਲ ਸਮਝੌਤਾ

ਬਰਨਬੀ-ਮੈਟਰੋ ਵੈਨਕੂਵਰ ਦੀ ਸਕਾਈ ਟਰੇਨ ਸਰਵਿਸ ਦੇ 1000 ਤੋਂ ਵੀ ਵੱਧ ਮੁਲਾਜ਼ਮਾਂ ਵਾਲੀ ਯੂਨੀਅਨ ਨੇ ਕਿਹਾ ਕਿ ਉਸ ਦਾ ਬੀਸੀ ਰੈਪਿਡ ਟਰਾਂਜ਼ਿਟ ਕੰਪਨੀ ਨਾਲ ਪੰਜ ਸਾਲ ਲਈ ਆਰਜ਼ੀ ਸਮਝੌਤਾ ਹੋ ਗਿਆ ਹੈ। ਕਿਊਪ 7000 ਦਾ ਕਹਿਣਾ ਕਿ ਨਵਾਂ ਸਮਝੌਤਾ 10 ਦਿਨ ਦੀ ਸਮਝੌਤਾ ਗੱਲਬਾਤ ਤੋਂ ਪਿੱਛੋਂ ਸਿਰੇ ਚੜ੍ਹਿਆ ਹੈ ਅਤੇ ਇਸ ਵਿਚ ਤਨਖਾਹ ਵਿਚ ਵਾਧਾ ਅਤੇ ਪਿਛਲੇ ਇਕਰਾਰਨਾਮੇ ਦੇ ਬਿਹਤਰ ਲਾਭ ਸ਼ਾਮਿਲ ਹਨ। ਕਿਊਪ 7000 ਦੇ ਪ੍ਰਧਾਨ ਟੋਨੀ ਰੇਬੇਲੋ ਨੇ ਕਿਹਾ ਕਿ ਉਹ ਸੌਦੇਬਾਜ਼ੀ ਦੀ ਪ੍ਰਕਿਰਿਆ ਤੋਂ ਖੁਸ਼ ਹੈ ਅਤੇ ਨਵਾਂ ਸਮਝੌਤਾ ਮੈਂਬਰਸ਼ਿਪ ਦੀਆਂ ਲਾਭਾਂ ਤੇ ਵਰਕਪਲੇਸ ਮੁੱਦਿਆਂ ਸਬੰਧੀ ਤਰਜੀਹਾਂ ਦੀ ਝਲਕ ਦਿੰਦਾ ਹੈ।

## ਪੁਲਿਸ ਦੇ ਕੁੱਤੇ ਦੇ ਹਮਲੇ ਪਿੱਛੋਂ ਪੁਲਿਸ ਵਾਚਡੌਗ ਵਲੋਂ ਦੋਸ਼ਾਂ ਦੀ ਸਿਫਾਰਸ਼

ਸਰੀ-ਪੁਲਿਸ ਵਾਚਡੌਗ ਨੇ ਆਪਣੀ ਰਿਪੋਰਟ ਵਿਚ ਬੀਸੀ ਪ੍ਰੌਸੀਕਿਊਸ਼ਨ ਸਰਵਿਸ ਨੂੰ 2021 ਵਿਚ ਸਰੀ ਵਿਚ ਪੁਲਿਸ ਦੇ ਕੁੱਤੇ ਦੀ ਸ਼ਮੂਲੀਅਤ ਵਾਲੀ ਘਟਨਾ ਦੇ ਸਬੰਧ ਵਿਚ ਦੋਸ਼ ਲਗਾਉਣ 'ਤੇ ਵਿਚਾਰ ਕਰਨ ਲਈ ਕਿਹਾ ਹੈ। ਸਰੀ ਆਧਾਰਤ ਇੰਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਦੇ ਬੁਲੇਟਿਨ ਮੁਤਾਬਿਕ 29 ਮਈ 2021 ਦੀ ਸ਼ਾਮ ਨੂੰ ਲੋਅਰ ਮੇਨਲੈਂਡ ਇੰਟੀਗ੍ਰੇਟਿਡ ਪੁਲਿਸ ਡੌਗ ਸਰਵਿਸ ਨੇ ਕੇਟਲ ਕਰੇਸੈਂਟ ਅਤੇ ਸੁਲੀਵਨ ਵਿਚ 154 ਸਟਰੀਟ ਨੇੜਿਓਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਸਰਵਿਸ ਡਾਗ ਦੀ ਸਹਾਇਤਾ ਨਾਲ ਕੇਟਲ ਕਰੇਸੈਂਟ ਕੋਲ ਇਕ ਵਿਅਕਤੀ ਦਾ ਪਿੱਛਾ ਕਰਦਿਆਂ ਪੁਲਿਸ ਦਾ ਇਕ ਗੈਰਸਬੰਧਤ ਵਿਅਕਤੀ ਨਾਲ ਸਾਹਮਣਾ ਹੋ ਗਿਆ ਜਿਸ ਨੂੰ ਕੁੱਤੇ ਨੇ ਵੱਢ ਕੇ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਕੁੱਤੇ ਦੇ ਹਮਲੇ ਦੇ ਸ਼ਿਕਾਰ ਵਿਅਕਤੀ ਦਾ ਸਥਾਨਕ ਹਸਪਤਾਲ ਵਿਚ ਇਲਾਜ ਕੀਤਾ ਗਿਆ ਸੀ। ਚੀਫ਼ ਸਿਵਲੀਅਨ ਡਾਇਰੈਕਟਰ ਰੋਨਾਲਡ ਜੇ ਮੈਕਡੋਨਾਲਡ ਕੇਸੀ ਨੇ ਇਹ ਨਿਸ਼ਚਤ ਕੀਤਾ ਕਿ ਇਹ ਵਿਸ਼ਵਾਸ਼ ਕਰਨ ਲਈ ਢੁਕਵਾਂ ਆਧਾਰ ਮੌਜੂਦ ਹੈ ਕਿ ਦੋ ਅਫਸਰਾਂ ਨੇ ਪੁਲਿਸ ਸਰਵਿਸ ਡਾਗ ਦੀ ਵਰਤੋਂ ਕਰਕੇ ਸ਼ਾਇਦ ਅਪਰਾਧ ਕੀਤਾ ਹੈ।

## ਡੌਕ ਵਰਕਰਾਂ ਦੀ ਹੜਤਾਲ ਕਾਰਨ ਪਹਿਲਾਂ ਹੀ ਨੁਕਸਾਨ ਹੋ ਚੁੱਕਾ-ਬੋਰਡ ਆਫ ਟਰੇਡ

ਸਰੀ-ਸਰੀ ਬੋਰਡ ਆਫ ਟਰੇਡ ਨੇ ਬੈਕ-ਟੂ-ਵਰਕ ਕਾਨੂੰਨ ਲਈ ਫੈਡਰਲ ਸਰਕਾਰ ਕੋਲ ਲਾਬਿੰਗ ਕੀਤੀ ਹੈ। ਸਰੀ ਬੋਰਡ ਆਫ ਟਰੇਡ ਦੀ ਸੀਈਓ ਅਨੀਤਾ ਹੁਬਰਮੈਨ ਨੇ ਕਿਹਾ ਕਿ ਇੰਟਰਨੈਸ਼ਨਲ ਲਾਂਗਸ਼ੋਰ ਐਂਡ ਵੇਅਰਹਾਊਸ ਯੂਨੀਅਨ ਕੈਨੇਡਾ ਵਲੋਂ ਸਨਿਚਰਵਾਰ ਸਵੇਰ ਤੋਂ ਹੜਤਾਲ ਕਰਨ ਦੀ ਧਮਕੀ ਦੇ ਅਮਲ ਨਾਲ ਸਥਾਨਕ ਕਾਰੋਬਾਰੀ ਤੇ ਲੋਕ ਤਕਲੀਫ ਮਹਿਸੂਸ ਕਰਨਗੇ। ਹੁਬਰਮੈਨ ਨੇ ਕਿਹਾ ਕਿ ਨੁਕਸਾਨ ਪਹਿਲਾਂ ਹੀ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪਹਿਲਾਂ ਨਹੀਂ ਤਾਂ ਹੁਣ ਤਾਂ ਗਾਹਕਾਂ ਨੇ ਗਰੋਸਰੀਜ਼ ਤੇ ਹੋਰ ਵਸਤਾਂ ਦੀ ਖਰੀਦ ਕਰਦੇ ਸਮੇਂ ਤਕਲੀਫ ਮਹਿਸੂਸ ਕਰਨੀ ਸ਼ੁਰੂ ਕਰ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਸਰੀ 'ਚ ਸਭ ਤੋਂ ਜ਼ਿਆਦਾ ਨਿਰਮਾਤਾ ਹਨ ਅਤੇ ਅਸੀਂ ਬੰਦਰਗਾਹਾਂ 'ਤੇ ਨਿਰਭਰ ਕਰਦੇ ਹਾਂ। ਸਰੀ ਉੱਤਰੀ ਅਮਰੀਕਾ ਦੇ ਪੱਛਮੀ ਤੱਟ 'ਤੇ ਸਭ ਤੋਂ ਵੱਡੇ ਬਹੁਮੰਤਵੀ ਡੂੰਘੇ ਸਮੁੰਦਰੀ ਟਰਮੀਨਲਾਂ ਵਿਚੋਂ ਇਕ ਹੈ ਜਿਹੜਾ ਫਰੇਜ਼ਰ ਨਦੀ ਦੇ ਦੱਖਣੀ ਪੂਰਬੀ ਕਿਨਾਰੇ ਦੇ ਨਾਲ ਸਥਿਤ ਹੈ।

# ਪਹਿਲੇ ਦਸਤਾਰਧਾਰੀ ਸਿੱਖ ਅਫਸਰ ਬਲਤੇਜ ਸਿੰਘ ਢਿੱਲੋਂ ਵਰਕਸੇਫ ਬੀਸੀ ਦੇ ਚੇਅਰਮੈਨ ਨਾਮਜ਼ਦ

ਸਰੀ (ਹਰਦਮ ਮਾਨ)-ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਵਿੱਚ ਪਹਿਲੇ ਦਸਤਾਰਧਾਰੀ ਸਿੱਖ ਅਫਸਰ ਬਲਤੇਜ ਸਿੰਘ ਢਿੱਲੋਂ ਨੂੰ ਵਰਕਸੇਫ ਬੀਸੀ ਦੇ ਬੋਰਡ ਆਫ ਡਾਇਰੈਕਟਰਜ਼ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਹ ਚੋਟੀ ਦਾ ਅਹੁਦਾ ਸੰਭਾਲਣ ਵਾਲੇ ਉਹ ਪਹਿਲੇ ਦੱਖਣੀ ਏਸ਼ੀਆਈ ਮੂਲ ਦੇ ਵਿਅਕਤੀ ਹਨ। ਵਰਕਸੇਫ ਬੀਸੀ ਇੱਕ ਸੂਬਾਈ ਏਜੰਸੀ ਹੈ ਜੋ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਵਰਕਰਾਂ ਲਈ ਸੁਰੱਖਿਅਤ ਅਤੇ ਸਿਹਤਮੰਦ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਕਿਰਤ ਮੰਤਰੀ ਹੈਰੀ ਬੈਂਸ ਨੇ ਉਨ੍ਹਾਂ ਦੀ ਇਸ ਨਿਯੁਕਤੀ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਹ ਅਗਲੇ ਤਿੰਨ ਸਾਲ ਇਸ ਅਹੁਦੇ ਤੇ ਬਣੇ ਰਹਿਣਗੇ। ਹੈਰੀ ਬੈਂਸ ਨੇ ਕਿਹਾ ਕਿ ਬਲਤੇਜ ਢਿੱਲੋਂ ਨੂੰ ਇਕ ਪੁਲਿਸ ਅਧਿਕਾਰੀ ਦਾ ਅਨੁਭਵ ਅਤੇ ਤਜਰਬਾ ਹੈ ਅਤੇ ਕਾਨੂੰਨ ਲਾਗੂ ਕਰਨ ਵਿੱਚ ਮੁਹਾਰਤ ਹਾਸਲ ਤੋਂ ਇਲਾਵਾ ਵਰਕਸੇਫ ਬੀਸੀ ਵਿੱਚ ਇੱਕ ਡਾਇਰੈਕਟਰ ਵਜੋਂ ਛੇ ਸਾਲਾਂ ਦਾ ਤਜਰਬਾ ਹੈ। ਉਹ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਕੰਮ ਵਾਲੀ ਥਾਂ ਦੀਆਂ ਗੰਭੀਰ ਘਟਨਾਵਾਂ ਦੀ ਜਾਂਚ ਵਿੱਚ ਵਰਕਸੇਫ ਬੀਸੀ ਦੀ ਭੂਮਿਕਾ ਲਈ ਵਚਨਬੱਧ ਹੋਣਗੇ। ਇੱਥੇ ਵਰਨਣਯੋਗ ਹੈ ਕਿ ਬਲਤੇਜ ਢਿੱਲੋਂ ਨੇ ਦਸਤਾਰ ਪਹਿਨਣ ਵਾਲਾ ਪਹਿਲਾ ਪੁਲਿਸ ਅਧਿਕਾਰੀ ਬਣ ਕੇ ਇਤਿਹਾਸ ਰਚਿਆ ਸੀ ਅਤੇ ਭਾਈਚਾਰਕ ਸੇਵਾ ਲਈ ਉਸ ਨੂੰ ਮਹਾਰਾਣੀ ਐਲਿਜ਼ਾਬੈਥ ਵੱਲੋਂ ਗੋਲਡਨ ਅਤੇ ਡਾਇਮੰਡ ਜੁਬਲੀ ਮੈਡਲ ਵੀ ਪ੍ਰਾਪਤ ਕੀਤੇ। ਮਲੇਸ਼ਿਆ ਦੇ ਜੰਮਪਲ ਬਲਤੇਜ ਢਿੱਲੋਂ 1983 ਵਿੱਚ 16 ਸਾਲ ਦੀ ਉਮਰ ਵਿੱਚ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਆ ਵਸੇ ਸਨ। ਉਨ੍ਹਾਂ ਅਪਰਾਧ ਵਿਗਿਆਨ ਦੀ ਪੜ੍ਹਾਈ ਕੀਤੀ ਅਤੇ 1991 ਵਿੱਚ ਆਰਸੀਐਮਪੀ ਵਿੱਚ ਭਰਤੀ ਹੋ ਕੇ 2019 ਵਿਚ ਸੇਵਾ ਮੁਕਤ ਹੋਏ ਸਨ। ਇਸ ਨਿਯੁਕਤੀ ਉੱਪਰ ਖੁਸ਼ੀ ਪ੍ਰਗਟ ਕਰਦਿਆਂ ਬਲਤੇਜ ਢਿੱਲੋਂ ਨੇ ਕਿਹਾ ਕਿ ਉਹ ਪੂਰੇ ਸੂਬੇ ਵਿੱਚ ਵਰਕਰਾਂ, ਮਾਲਕਾਂ ਅਤੇ ਹੋਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਮਿਆਂ ਦੀ ਮੁਆਵਜ਼ਾ ਪ੍ਰਣਾਲੀ ਵਿੱਚ ਸੁਧਾਰ ਕਰਨ ਦਾ ਕਾਰਜ ਜਾਰੀ ਰੱਖਣ ਲਈ ਆਪਣੇ ਸਾਥੀ ਬੋਰਡ ਮੈਂਬਰਾਂ ਅਤੇ ਵਰਕਸੇਫ ਬੀਸੀ ਸਟਾਫ਼ ਨਾਲ ਚੇਅਰਮੈਨ ਵਜੋਂ ਕੰਮ ਕਰਨ ਲਈ ਉਤਸ਼ਾਹਿਤ ਹਨ।



# ਕੇਪੀਯੂ ਸਰੀ ਕੈਂਪਸ ਵਿਖੇ ਵਿਦਿਆਰਥੀਆਂ ਲਈ ਮਕਾਨ ਬਣਾਉਣ ਵਾਸਤੇ ਉਤਸਕ

ਸਰੀ-ਕਵਾਂਟਲਨ ਪੋਲੀਟੈਕਨਿਕ ਯੂਨੀਵਰਸਿਟੀ ਆਪਣੀ ਸਰੀ ਕੈਂਪਸ ਵਿਖੇ ਸਟੂਡੈਂਟ ਹਾਊਸਿੰਗ ਮੁਹੱਈਆ ਕਰਨ 'ਤੇ ਵਿਚਾਰ ਕਰ ਰਹੀ ਹੈ। ਕੇਪੀਯੂ ਨੇ ਇਕ ਪ੍ਰੈਸ ਰਿਲੀਜ਼ ਵਿਚ ਸੰਕੇਤ ਦਿੱਤਾ ਕਿ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ਼ ਨੇ ਪ੍ਰਾਜੈਕਟ ਦੇ ਫੰਡ ਲਈ ਪ੍ਰੋਵਿੰਸ਼ੀਅਲ ਸਰਕਾਰ ਕੋਲ ਭਵਿੱਖ ਵਿਚ ਦਿੱਤੀ ਜਾਣ ਵਾਲੀ ਅਰਜ਼ੀ ਦੇ ਸਮਰਥਨ ਵਿਚ ਇਕ ਕਾਰੋਬਾਰੀ ਕੇਸ ਵਿਕਸਤ ਕਰਨ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੇਪੀਯੂ ਦੇ ਪ੍ਰਸ਼ਾਸਨ ਦੇ ਉਪ ਪ੍ਰਧਾਨ ਪੀਟਰ ਸਮਾਈਲਜ਼ ਨੇ ਕਿਹਾ ਕਿ ਇਥੇ ਵਿਦਿਆਰਥੀਆਂ ਲਈ ਘਰਾਂ ਦੀ ਮੰਗ ਹੈ। ਜਿਥੇ ਅਸੀਂ ਰਹਿੰਦੇ ਹਾਂ ਉਨ੍ਹਾਂ ਸ਼ਹਿਰਾਂ ਵਿਚ ਕਿਰਾਏ ਲਈ ਖਾਲੀ ਘਰਾਂ ਦੀ ਦਰ ਘੱਟ ਹੈ ਅਤੇ ਸਾਡੇ ਵਿਦਿਆਰਥੀਆਂ ਲਈ ਕੀਤੇ ਤਾਜ਼ਾ ਸਰਵੇਖਣ ਵਿਚ ਇਸ ਲੋੜ ਦੀ ਸਪਸ਼ਟ ਪਛਾਣ ਕੀਤੀ ਗਈ ਹੈ। ਵਿਦਿਆਰਥੀਆਂ ਦੀ ਸੰਤੁਸ਼ਟੀ ਬਾਰੇ ਪਿਛਲੇ ਸਾਲ ਕੀਤੇ ਗਏ ਸਰਵੇਖਣ ਵਿਚ ਪਾਇਆ ਗਿਆ ਕਿ ਪੰਜ ਵਿਦਿਆਰਥੀਆਂ ਵਿਚੋਂ ਇਕ ਨੂੰ ਆਰਜ਼ੀ ਜਾਂ ਭੀੜ ਵਾਲੇ ਸਥਾਨ 'ਤੇ ਰਹਿਣਾ ਪੈ ਰਿਹਾ ਸੀ। ਕੈਨੇਡੀਅਨ ਮੌਰਟਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ ਮੁਤਾਬਿਕ ਸਰੀ, ਲੈਂਗਲੀ ਅਤੇ ਰਿਚਮੰਡ ਜਿਥੇ ਕੇਪੀਯੂ ਦੇ ਕੈਂਪਸ ਮੌਜੂਦ ਹਨ ਵਿਚ ਖਾਲੀ ਘਰਾਂ ਦੀ ਦਰ ਇਕ ਫ਼ੀਸਦੀ ਤੋਂ ਵੀ ਘੱਟ ਹੈ।




UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

## ਪੁਲਿਸ ਨੂੰ ਐਡਮਿੰਟਨ ਵਿਚ ਕਤਲ ਕਰਨ ਦੇ ਦੋਸ਼ੀ ਦੀ ਭਾਲ

ਸਰੀ-ਪੁਲਿਸ ਅਲਬਰਟਾ ਵਿਚ ਕਤਲ ਕਰਨ ਵਾਲੇ ਸ਼ੱਕੀ ਦੀ ਭਾਲ ਕਰ ਰਹੀ ਹੈ ਜਿਸ ਦੇ ਇਥੇ ਸਰੀ ਵਿਚ ਹੋਣ ਦੀ ਸੰਭਾਵਨਾ ਹੈ। 24 ਸਾਲਾ ਬਿਥਗਟਾਂਗਚੂਲ ਐਡਮਿੰਟਨ ਵਿਚ ਸਤੰਬਰ 2021 ਵਿਚ 29 ਸਾਲਾ ਵਨੇਸਾ ਸਿਲਵਾ ਨੂੰ ਕਤਲ ਕਰਨ ਦੇ ਫਸਟ ਡਿਗਰੀ ਕਤਲ, ਅਗਵਾ ਅਤੇ ਘਰ ਵਿਚ ਦਾਖਲ ਹੋ ਕੇ ਜ਼ਬਰੀ ਵਸੂਲੀ ਕਰਨ ਦੇ ਦੋਸ਼ ਵਿਚ ਲੋੜੀਂਦਾ ਹੈ। ਆਰਸੀਐਮਪੀ ਦੀ ਪ੍ਰੈਸ ਰਿਲੀਜ਼ ਮੁਤਾਬਿਕ ਰਿਪੋਰਟ ਮਿਲਣ ਪਿੱਛੋਂ 15 ਸਤੰਬਰ 2021 ਨੂੰ ਸਟਰੈਥਕੋਨਾ ਕਾਉਂਟੀ ਆਰਸੀਐਮਪੀ ਅਤੇ ਫਾਇਰ ਸਰਵਸਿਜ਼ ਸਟਰੈਥਕੋਨਾ ਕਾਉਂਟੀ ਵਿਚ ਟਾਊਨਸ਼ਿਪ ਰੋਡ 530 ਅਤੇ ਰੇਂਜ ਰੋਡ 221 'ਤੇ ਜਦੋਂ ਪਹੁੰਚੀ ਤਾਂ ਉਨ੍ਹਾਂ ਸੜ ਰਹੀ ਮੋਟਰ ਗੱਡੀ ਦੀ ਅੱਗ ਨੂੰ ਬੁਝਾਇਆ ਅਤੇ ਮੋਟਰ ਗੱਡੀ ਵਿਚੋਂ ਸਿਲਵਾ ਦੀ ਲਾਸ਼ ਮਿਲੀ। ਸਟਾਫ ਸਾਰਜੈਂਟ ਕ੍ਰਿਸ ਕਲਾਰਕ ਨੇ ਕਿਹਾ ਕਿ ਬਿਥਚੂਲ ਹਾਲ ਹੀ ਵਿਚ ਸਰੀ ਵਿਚ ਮੌਜੂਦ ਸੀ ਅਤੇ ਅਜੇ ਵੀ ਉਹ ਇਥੇ ਹੋ ਸਕਦਾ ਹੈ। ਆਰਸੀਐਮਪੀ ਨੇ ਕਿਹਾ ਕਿ ਜੇਕਰ ਤੁਸੀਂ ਉਸ ਨੂੰ ਦੇਖੋ ਤਾਂ ਕ੍ਰਿਪਾ ਕਰਕੇ 911 'ਤੇ ਤੁਰੰਤ ਫੋਨ ਕਰੋ।


## ਯੂਕਰੇਨੀ ਸ਼ਰਨਾਰਥੀਆਂ ਲਈ ਸਰੀ ਵਿਚ ਅਸਥਾਈ ਰਿਹਾਇਸ਼ੀ ਪ੍ਰਾਜੈਕਟ

ਸਰੀ-ਇਥੇ ਯੂਕਰੇਨੀ ਸ਼ਰਨੋਰਥੀਆਂ ਲਈ ਆਰਜ਼ੀ ਘਰ ਮੁਹੱਈਆ ਕਰਨ ਦੇ ਉਦੇਸ਼ ਵਾਲਾ ਸੰਗਠਨ ਫੈਲ ਰਿਹਾ ਹੈ। ਆਪਰੇਸ਼ਨ ਵੈਲਕਮ ਹੋਮ ਸਥਾਨਕ ਡਿਵੈਲਪਰਜ਼ ਨੂੰ ਵਿਕਾਸ ਲਈ ਪ੍ਰਾਪਰਟੀਜ਼ ਦਾਨ ਕਰਨ ਲਈ ਆਖ ਰਿਹਾ ਹੈ ਤਾਂ ਜੋ ਇਮਾਰਤਾਂ ਖਾਲੀ ਰੱਖਣ ਦੀ ਥਾਂ ਉਨ੍ਹਾਂ ਵਿਚ ਸਥਾਈ ਘਰ ਲੱਭ ਰਹੇ ਪਰਿਵਾਰਾਂ ਨੂੰ ਰੱਖਿਆ ਜਾ ਸਕੇ। ਆਪਰੇਸ਼ਨ ਵੈਲਕਮ ਹੋਮ ਵਿਚ ਸ਼ਾਮਿਲ ਸੰਗਠਨਾਂ ਨੇ ਐਲਾਨ ਕੀਤਾ ਕਿ ਰਿਚਮੰਡ ਵਿਚ ਵਿਸਤਾਰ ਕਰਨ ਤੋਂ ਪਹਿਲਾਂ ਪ੍ਰੋਗਰਾਮ ਪਿਛਲੇ ਸਾਲ ਵੈਨਕੂਵਰ ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਇਹ ਸਰੀ ਵਿਚ ਆ ਰਿਹਾ ਹੈ। ਇਹ ਯੂਕਰੇਨ ਤੋਂ ਆਉਣ ਵਾਲੇ ਨਵੇਂ ਲੋਕਾਂ ਨੂੰ ਹੋਟਲਾਂ ਦੇ ਕਮਰਿਆਂ ਜਾਂ ਸ਼ੈੱਲਟਰਾਂ ਵਿਚ ਰਹਿਣ ਦੀ ਬਜਾਏ ਆਰਜ਼ੀ ਤੌਰ 'ਤੇ ਘਰਾਂ ਵਿਚ ਰਹਿਣ ਦੀ ਇਜਾਜ਼ਤ ਦਿੰਦਾ ਹੈ।

## ਕੈਮਲੂਪਸ ਦੇ ਡੱਟਜ਼ ਨੇ ਬੀਸੀ ਟਰੱਕਿੰਗ ਐਸੋਸੀਏਸਨ ਡਰਾਈਵਰ ਆਫ ਦੀ ਯੀਅਰ ਦਾ ਪੁਰਸਕਾਰ ਜਿੱਤਿਆ

ਸਰੀ-ਕੈਮਲੂਪਸ ਦੇ ਸਕੈਂਪ ਟਰਾਂਸਪੋਰਟ ਦੇ ਟਰੱਕ ਡਰਾਈਵਰ ਕੈਮ ਡਟਜ਼ ਨੇ ਬੀਸੀ ਟਰੱਕਿੰਗ ਐਸੋਸੀਏਸ਼ਨ ਡਰਾਈਵਰ ਆਫ ਦੀ ਯੀਅਰ ਪੁਰਸਕਾਰ ਜਿੱਤਿਆ ਹੈ। ਕੈਮਰੋਨ ਡੱਟਜ਼ 50 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਈਂਧਣ ਦੀ ਢੋਆ-ਢੁਆਈ ਕਰ ਰਿਹਾ ਹੈ ਜਿਸ ਲਈ ਉਸ ਨੇ ਟਰੱਕ 'ਤੇ ਇਕ ਲੱਖ ਘੰਟੇ ਤੋਂ ਵੀ ਜ਼ਿਆਦਾ ਸਮਾਂ ਡਰਾਈਵਰੀ ਕੀਤੀ ਹੈ।

# ਹਾਂਗਕਾਂਗ ਲੋਕਤੰਤਰੀ ਕਾਰਕੁਨ ਦੀ ਗ੍ਰਿਫ਼ਤਾਰੀ ਲਈ ਚੀਨ ਨੇ ਰੱਖਿਆ ਇਨਾਮ



ਓਟਵਾ-ਲੋਕਤੰਤਰ ਪੱਖੀ ਕਾਰਕੁਨ ਜਿਹੜਾ ਜਲਾਵਤਨ ਵਿਚ ਹਾਂਗਕਾਂਗ ਪਾਰਲੀਮੈਂਟ ਬਣਾਉਣ ਲਈ ਆਪਣੀ ਯੋਜਨਾ ਦੇ ਪ੍ਰਚਾਰ ਲਈ ਵੈਨਕੂਵਰ ਵਿਚ ਰਹਿੰਦਾ ਹੈ ਨੇ ਕਿਹਾ ਕਿ ਚੀਨ ਸਰਕਾਰ ਵਲੋਂ ਪ੍ਰਸਤਾਵ ਨੂੰ ਲੈ ਕੇ ਉਸ ਦੀ ਗ੍ਰਿਫ਼ਤਾਰੀ ਲਈ ਇਨਾਮ ਰਾਸ਼ੀ ਜਾਰੀ ਕਰਨ ਪਿੱਛੋਂ ਉਹ ਡਰਮੁਕਤ ਹੈ। ਇਸ ਦੇ ਬਾਵਜੂਦ ਯੂਏਨ ਅਤੇ ਦੂਸਰੇ 7 ਹੋਰ ਕਾਰਕੁਨਾਂ ਦੀ ਗ੍ਰਿਫਤਾਰੀ ਲਈ 170000 ਡਾਲਰ ਦਾ ਇਨਾਮ ਦੇਣ ਦਾ ਐਲਾਨ ਕਰਨ ਨੂੰ ਦੇਖਦੇ ਹੋਏ ਐਲਮਨ ਯੂਏਨ ਨੇ ਕੈਨੇਡੀਅਨ ਸਰਕਾਰ ਨੂੰ ਹਾਂਗਕਾਂਗ ਨਾਲ ਆਪਣੀ ਹਵਾਲਗੀ ਸੰਧੀ ਖਤਮ ਕਰਨ ਦਾ ਸੱਦਾ ਦਿੱਤਾ ਹੈ। ਕੈਨੇਡਾ ਇਸ ਕਦਮ ਦੀ ਨਿੰਦਾ ਕਰਨ ਵਾਲੇ ਦੇਸ਼ਾਂ ਵਿਚ ਸ਼ਾਮਿਲ ਹੋ ਗਿਆ ਹੈ।

ਗਲੋਬਲ ਅਫੇਅਰਜ਼ ਕੈਨੇਡਾ ਨੇ ਟਵਿੱਟਰ 'ਤੇ ਇਕ ਸੁਨੇਹਾ ਸਾਂਝਾ ਕਰਦਿਆਂ ਕਿਹਾ ਕਿ ਉਹ ਹਾਂਗਕਾਂਗ ਵਲੋਂ ਆਪਣੇ ਨਾਗਰਿਕਾਂ 'ਤੇ ਦੇਸ਼ ਤੋਂ ਬਾਹਰ ਲਾਗੂ ਕਰਨ ਦੀ ਮੰਗ 'ਤੇ ਗੰਭੀਰ ਰੂਪ ਵਿਚ ਚਿੰਤਤ ਹੈ ਅਤੇ ਕਿਹਾ ਕਿ ਇਹ ਲੋਕਤੰਤਰੀ ਹੱਕਾਂ ਤੇ ਆਜ਼ਾਦੀਆਂ ਨੂੰ ਕਮਜ਼ੋਰ ਕਰਦਾ ਹੈ। 74 ਸਾਲਾ ਯੂਏਨ ਅਮਰੀਕਾ ਵਿਚ ਰਹਿੰਦਾ ਹੈ ਪਰ ਅਕਸਰ ਕੈਨੇਡਾ ਆਉਂਦਾ ਜਾਂਦਾ ਹੈ। ਉਹ ਦੇਸ਼ ਤੋਂ ਬਾਹਰ ਹਾਂਗਕਾਂਗ ਪਾਰਲੀਮੈਂਟ ਚੁਣਨ ਲਈ ਉਸ ਦੇ ਟੀਚੇ ਦੀ ਸਮਰਥਨ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਅਤੇ ਯੋਜਨਾ ਦੀ ਪੁਸ਼ਟੀ ਲਈ ਫੈਡਰਲ ਸਰਕਾਰ ਨੂੰ ਉਤਸ਼ਾਹਿਤ ਕਰਨ ਵਾਸਤੇ ਪਿਛਲੇ ਕਈ ਦਿਨਾਂ ਤੋਂ ਵੈਨਕੂਵਰ ਵਿਚ ਰਹਿ ਰਿਹਾ ਹੈ।

# ਸਪਲਾਈ ਦਾ ਦਬਾਅ ਰਹਿਣ ਕਾਰਨ ਵਧ ਰਹੀਆਂ ਵੈਨਕਵੂਰ ਵਿਚ ਮਕਾਨਾਂ ਦੀਆਂ ਕੀਮਤਾਂ

ਵੈਨਕੂਵਰ-ਰੀਅਲ ਅਸਟੇਟ ਬੋਰਡ ਆਫ ਗਰੇਟਰ ਵੈਨਕੂਵਰ ਦਾ ਕਹਿਣਾ ਕਿ ਪਿਛਲੇ ਮਹੀਨੇ ਮਕਾਨਾਂ ਦੀਆਂ ਕੀਮਤਾਂ ਮਈ ਮਹੀਨੇ ਦੀ ਕੀਮਤ ਨਾਲੋਂ ਵਧ ਗਈਆਂ ਕਿਉਂਕਿ ਸੰਭਾਵੀ ਘਰ ਖਰੀਦਦਾਰਾਂ ਨੂੰ ਖੇਤਰ ਵਿਚ ਸਪਲਾਈ ਦੀ ਕਮੀ ਦਾ ਸਾਹਮਣਾ ਕਰਨਾ ਪਿਆ ਹੈ। ਬੋਰਡ ਦਾ ਕਹਿਣਾ ਕਿ ਪਿਛਲੇ ਮਹੀਨੇ ਕੰਪੋਜ਼ਿਟ ਬੈਂਚਮਾਰਕ 1.2 ਮਿਲੀਅਨ ਡਾਲਰ ਰਿਹਾ ਜਿਹੜਾ ਜੂਨ 2022 ਤੋਂ 2.4 ਫ਼ੀਸਦੀ ਘੱਟ ਹੈ ਪਰ ਇਹ ਮਈ ਤੋਂ 1.3 ਫ਼ੀਸਦੀ ਵੱਧ ਹੈ। ਪਿਛਲੇ ਮਹੀਨੇ ਮਾਰਕੀਟ ਵਿਚ ਕੁਲ 2988 ਮਕਾਨਾਂ ਦੀ ਵਿਕਰੀ ਹੋਈ ਜਿਹੜੀ ਇਕ ਸਾਲ ਪਹਿਲਾਂ ਨਾਲੋਂ 21.1 ਫ਼ੀਸਦੀ ਜ਼ਿਆਦਾ ਹੈ। ਬੋਰਡ ਦਾ ਕਹਿਣਾ ਕਿ ਇਹ ਵਿਕਰੀ 3269 ਦੇ 10 ਸਾਲ ਦੀ ਮੌਸਮੀ ਔਸਤ ਨਾਲੋਂ 8.6 ਫ਼ੀਸਦੀ ਘੱਟ ਹੈ। ਜੂਨ 2022 ਵਿਚ 5278 ਦੇ ਮੁਕਾਬਿਲੇ ਪਿਛਲੇ ਮਹੀਨੇ 5348 ਪ੍ਰਾਪਰਟੀਜ਼ ਨਵੀਂ ਸੂਚੀ ਵਿਚ ਸ਼ਾਮਿਲ ਕੀਤੀਆਂ ਗਈਆਂ। ਬੋਰਡ ਦੇ ਇਕਨਾਨਿਕਸ ਅਤੇ ਡਾਟਾ ਵਿਸ਼ਲੇਸ਼ਣ ਬਾਰੇ ਬੋਰਡ ਦੇ ਡਾਇਰੈਕਟਰ ਦਾ ਕਹਿਣਾ ਕਿ ਬਾਜ਼ਾਰ ਆਸ ਤੋਂ ਅੱਗੇ ਲੰਘ ਰਿਹਾ ਹੈ. ਖ਼ਾਸਕਰ ਅਪਾਰਟਮੈਂਟ ਦੇ ਖੇਤਰ ਵਿਚ ਪਰ ਸਪਲਾਈ ਮੁੱਦਾ ਬਣਿਆਂ ਹੋਇਆ ਹੈ।

# ਪਿਛਲੇ ਸਾਲ ਹਾਊਸ ਆਫ ਕਾਮਨਜ਼ ਵਿਚ ਪ੍ਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ 63 ਫ਼ੀਸਦੀ ਵਧੀਆਂ

ਓਟਵਾ-ਪਿਛਲੇ ਸਾਲ ਹਾਊਸ ਆਫ ਕਾਨਜ਼ ਵਿਚ ਪ੍ਰੇਸ਼ਾਨ ਕਰਨ, ਹਿੰਸਾ ਅਤੇ ਵਿਤਕਰੇ ਦੀਆਂ ਸ਼ਿਕਾਇਤਾਂ ਵਿਚ 63 ਫ਼ੀਸਦੀ ਵਾਧਾ ਹੋਇਆ ਹੈ, ਅਜਿਹਾ ਮੁੱਦਿਆਂ 'ਤੇ ਵਧੇਰੇ ਜਾਗਰੂਕਤਾ ਲਈ ਲਾਜ਼ਮੀ ਸਿਖਲਾਈ ਕਾਰਨ ਵਾਪਰਿਆ ਹੈ। ਹਾਊਸ ਆਫ ਕਾਮਨਜ਼ ਦੇ ਚੀਫ ਹਿਊਮਨ ਰਿਸੋਰਸਿਜ਼ ਅਫਸਰ ਮਿਛੇਲ ਲੈਫਰਮਬੋਇਸ ਦੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਕਿ ਜਿਣਸੀ ਤੌਰ 'ਤੇ ਪ੍ਰੇਸ਼ਾਨ ਕਰਨ ਸਮੇਤ ਹਾਊਸ ਆਫ ਕਾਮਨਜ਼ ਨੂੰ 20222-23 ਵਿਚ ਉਸ ਤੋਂ ਪਹਿਲੇ ਸਾਲ ਵਿਚ ਮਿਲੀਆਂ 8 ਸ਼ਿਕਾਇਤਾਂ ਦੇ ਮੁਕਾਬਲੇ 13 ਸ਼ਿਕਾਇਤਾਂ ਦਿੱਤੀਆਂ ਗਈਆਂ ਹਨ।

## ਵਾਈਟ ਰੌਕ ਫਾਈਵ ਕੌਰਨਰਜ਼ ਅਗਜ਼ਨੀ ਦੀ ਘਟਨਾ ਦੇ ਸਬੰਧ ਵਿਚ ਸਜ਼ਾ ਤੈਅ

ਸਰੀ-ਮਈ 2016 ਵਿਚ ਅਗਜ਼ਨੀ ਦੀ ਘਟਨਾ ਜਿਸ ਨੇ ਵਾਈਟ ਰੌਕ ਦੇ ਫਾਈਵ ਕੌਰਨਰਜ਼ ਨੇਬਰਹੁੱਡ ਵਿਚ ਤਬਾਹੀ ਮਚਾ ਦਿੱਤੀ ਸੀ ਦੇ ਸਬੰਧ ਵਿਚ ਦੋਸ਼ੀ ਕਰਾਰ ਦਿੱਤੇ ਵਿਅਕਤੀ ਲਈ ਸਜ਼ਾ ਤੈਅ ਕੀਤੀ ਗਈ ਹੈ। ਆਨਲਾਈਨ ਅਦਾਲਤੀ ਸੂਚਨਾ ਮੁਤਾਬਿਕ ਜੇਮਸ ਐਡਰੀਅਨ ਡਾਇਰ ਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿਚ ਸਜ਼ਾ ਦੀ ਸੁਣਵਾਈ ਲਈ ਇਕ ਸਤੰਬਰ 2023 ਦੀ ਤਾਰੀਕ ਨਿਸ਼ਚਤ ਕੀਤੀ ਗਈ ਹੈ। 60 ਯੂਨਿਟ ਓਸੀਅਨ ਰਿਜ ਕੋਂਡੋਮੀਨੀਅਮ ਦੇ ਅੱਗ ਨਾਲ ਤਬਾਹ ਹੋਣ ਤੋਂ ਲਗਪਗ 7 ਸਾਲ ਪਿੱਛੋਂ ਫਰਵਰੀ ਵਿਚ 24 ਸਾਲਾ ਡਾਇਰ ਖਿਲਾਫ ਦੋਸ਼ਾਂ ਦਾ ਐਲਾਨ ਕੀਤਾ ਗਿਆ ਸੀ। ਇਸ ਅੱਗ ਨਾਲ ਲਗਪਗ 100 ਲੋਕਾਂ ਨੂੰ ਆਪਣੇ ਘਰਾਂ ਤੋਂ ਬਾਹਰ ਹੋਣਾ ਪਿਆ ਅਤੇ ਉਨ੍ਹਾਂ ਵਿਚੋਂ ਕੁਝ ਨੂੰ ਤਾਂ ਖਾਲੀ ਹੱਥ ਦੌੜਨਾ ਪਿਆ ਸੀ। ਅੱਗ ਤੋਂ ਨੇੜੇ ਪੈਂਦਾ ਸਟਾਰ ਆਫ ਸੀ ਹਾਲ ਵੀ ਪ੍ਰਭਾਵਤ ਹੋਇਆ ਸੀ।

## ਅਲਬਰਟਾ ਟੋਰਨਾਡੋ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਸ਼ਕਤੀਸ਼ਾਲੀ ਤੂਫਾਨਾਂ ਵਿਚ ਸ਼ਮਾਰ

ਐਡਮਿੰਟਨ-ਅਲਬਰਟਾ ਵਿਚ ਡਿਡਸਬਰੀ ਨੇੜੇ ਵੈਸਟਰਨ ਪ੍ਰੇਰੀ ਵਿਚ ਕੈਨੇਡਾ ਦਿਵਸ 'ਤੇ ਆਇਆ ਟੋਰਨਾਡੋ ਦੇਸ਼ ਵਿਚ ਹੁਣ ਤਕ ਦੇਖੇ ਗਏ ਸਭ ਤੋਂ ਸ਼ਕਤੀਸ਼ਾਲੀ ਟੋਰਨਾਡੋਜ਼ ਵਿਚੋਂ ਇਕ ਸੀ। ਇਹ ਗੱਲ ਮਾਹਿਰਾਂ ਨੇ ਕਹੀ ਜਿਹੜੇ ਖਰਾਬ ਮੌਸਮ ਪਿੱਛੋਂ ਮੌਕ 'ਤੇ ਮੌਜੂਦ ਸਨ। ਨੁਕਸਾਨ ਦੇ ਮੁੱਢਲੇ ਵਿਸ਼ਲੇਸ਼ਣਾਂ ਮੁਤਾਬਿਕ ਟੋਰਨਾਡੋ ਦੌਰਾਨ ਹਵਾ ਦੀ ਰਫ਼ਤਾਰ 275 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ 'ਤੇ ਪਹੁੰਚ ਗਈ ਸੀ। ਈਐਫ4 ਵਰਗਾ ਟੋਰਨਾਡੋ ਕੈਨੇਡਾ ਵਿਚ ਬਹੁਤ ਘੱਟ ਆਉਂਦਾ ਹੈ। 1902 ਪਿੱਛੋਂ ਕੇਵਲ 20 ਟੋਰਨਾਡੋਜ਼ ਦੇਸ਼ ਵਿਚ ਕਿਸੇ ਹੋਰ ਥਾਂ ਇੰਨੀ ਤਾਕਤ ਤਕ ਪਹੁੰਚੇ ਹਨ। ਕੈਨੇਡਾ ਨੇ ਈਐਫ5 ਟੋਰਨਾਡੋ ਦੇ ਰਿਕਾਰਡ ਮਾਮਲੇ ਦਾ ਵੀ ਅਨੁਭਵ ਕੀਤਾ ਹੈ ਜਿਹੜਾ ਏਲੀ ਵਿਚ 2007 ਵਿਚ ਆਇਆ ਸੀ।
ਸਨਿਚਰਵਾਰ ਈਐਫ4 ਟੋਰਨਾਡੋ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਸਿਰਫ ਇਕ ਵਿਅਕਤੀ ਜ਼ਖ਼ਮੀ ਹੋਇਆ ਹੈ ਜਦਕਿ ਇਹ ਡਿਡਸਬਰੀ ਅਤੇ ਕਾਰਸਟੇਅਰਸ ਦੇ ਕਸਬਿਆਂ ਵਿਚਕਾਰ 15.3 ਕਿਲੋਮੀਟਰ ਲੰਬੇ ਇਲਾਕੇ ਵਿਚ ਚੱਲਿਆ। ਇਲਾਕੇ ਵਿਚ ਢਾਂਚਿਆਂ ਦੀ ਮੁਕਾਬਲਤਨ ਘਾਟ ਕਾਰਨ ਬਹੁਤਾ ਨੁਕਸਾਨ ਨਹੀਂ ਹੋਇਆ।






# ਨਹਿਰ ਵਿਚ ਡੁੱਬੇ 5 ਨੌਜਵਾਨਾਂ 'ਚੋਂ 3 ਬਚਾਏ ਪਰ 2 ਰੁੜੇ

ਬਠਿੰਡਾ-ਬੀਤੀ ਰਾਤ ਬਠਿੰਡਾ ਦੀ ਸਰਹਿੰਦ ਨਹਿਰ ਵਿੱਚ 5 ਨੌਜਵਾਨ ਡੁੱਬ ਗਏ, ਜਿਨ੍ਹਾਂ ਵਿੱਚੋਂ 3 ਨੂੰ ਤੁਰੰਤ ਲੋਕਾਂ ਨੇ ਬਾਹਰ ਕੱਢ ਲਿਆ ਪਰ 2 ਨੌਜਵਾਨ ਤੇਜ਼ ਵਹਾਅ ਵਿੱਚ ਰੁੜ ਗਏ। ਅੱਜ ਸਵੇਰੇ ਐੱਨਡੀਆਰਐੱਫ ਦੀਆਂ ਟੀਮਾਂ ਵੱਲੋਂ ਬਚਾਅ ਮੁਹਿੰਗ ਚਲਾਈ ਗਈ। ਪਤਾ ਲਗਾ ਕਿ ਇਹ ਨੌਜਵਾਨਾਂ ਵਿੱਚੋਂ ਇੱਕ ਦੇ ਘਰ ਪੁੱਤਰ ਨੇ ਜਨਮ ਲਿਆ ਸੀ, ਜਿਸ ਦੀ ਖ਼ੁਸ਼ੀ ਵਿੱਚ ਪਾਰਟੀ ਨਹਿਰ ਕੰਢੇ ਰੱਖੀ ਗਈ।

# ਬਿੱਲ ਸੀ-18 ਦੇ ਅੜਿੱਕੇ ਨੂੰ ਲੈ ਕੇ ਓਟਵਾ ਤੇ ਕਿਊਬਕ ਨੇ ਫੇਸਬੁੱਕ...

ਸਫ਼ਾ 1 ਦੀ ਬਾਕੀ

ਕੈਨੇਡੀਅਨ ਖ਼ਬਰਾਂ ਰੋਕਣ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਕੰਪਨੀ ਕਾਨੂੰਨ ਤੋਂ ਉੱਪਰ ਨਹੀਂ। ਮਾਂਟਰੀਅਲ ਦੇ ਮੇਅਰ ਵੈਲੇਰੀ ਪਲਾਂਟੇ ਨੇ ਟਵਿੱਟਰ 'ਤੇ ਪਾਏ ਇਕ ਬਿਆਨ ਵਿਚ ਕਿਹਾ ਕਿ ਮਿਉਂਸਪਲ ਸਰਕਾਰ ਮੀਡੀਆ ਸੰਗਠਨਾਂ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਅਜਿਹਾ ਹੀ ਕਰੇਗੀ। ਪਾਰਲੀਮੈਂਟ ਨੇ ਪਿਛਲੇ ਮਹੀਨੇ ਬਿੱਲ ਸੀ-18 ਵਜੋਂ ਜਾਣੇ ਜਾਂਦੇ ਕਾਨੂੰਨ ਨੂੰ ਪ੍ਰਵਾਨਗੀ ਦੇ ਦਿੱਤੀ ਸੀ ਅਤੇ ਰੈਗੂਲੇਟਰੀ ਵੇਰਵਿਆਂ ਦਾ ਖਰੜਾ ਤਿਆਰ ਹੋਣ ਪਿੱਛੋਂ ਉਪਾਵਾਂ ਨੇ 6 ਮਹੀਨਿਆਂ ਵਿਚ ਪ੍ਰਭਾਵੀ ਹੋਣਾ ਹੈ। ਬਲਾਕ ਕਿਊਬਿਕਸ ਤੇ ਐਨਡੀਪੀ ਨੇ ਬਿੱਲ ਦਾ ਸਮਰਥਨ ਕੀਤਾ ਜਦਕਿ ਕੰਸਰਵੇਟਿਵ ਐਮਪੀਜ਼ ਨੇ ਵਿਰੋਧ ਕੀਤਾ ਸੀ। ਕਾਨੂੰਨ ਇਕ ਢਾਂਚੇ ਦੀ ਰੂਪ-ਰੇਖਾ ਪੇਸ਼ ਕਰਦਾ ਹੈ ਜਿਸ ਵਿਚ ਵੱਡੀਆਂ ਪਲੇਟਫਾਰਮ ਕੰਪਨੀਆਂ, ਖ਼ਾਸਕਰ ਗੂਗਲ ਤੇ ਮੇਟਾ ਨੂੰ ਪ੍ਰਕਾਸ਼ਕਾਂ ਨਾਲ ਉਨ੍ਹਾਂ ਦੀਆਂ ਸਾਈਟਾਂ ਤੋਂ ਖ਼ਬਰਾਂ ਦੀ ਵਰਤੋਂ ਕਰਨ ਲਈ ਉਨ੍ਹਾਂ ਨਾਲ ਮੁਆਵਜ਼ਾ ਸਮਝੌਤਾ ਕਰਨ ਦੀ ਲੋੜ ਹੈ। ਕੈਨੇਡੀਅਨ ਹੇਰੀਟੇਜ ਮੰਤਰੀ ਪਾਬਲੋ ਰੋਡਰਿਗਜ਼ ਨੇ ਓਟਵਾ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਬਲਾਕ ਦੇ ਹੈਰੀਟੇਜ ਆਲੋਚਕ ਮਾਰਟਿਨ ਚੈਮਪੌਕਸ ਅਤੇ ਐਨਡੀਪੀ ਹੇਰੀਟੇਜ਼ ਆਲੋਚਕ ਪੀਟਰ ਜੁਲੀਅਨ ਦੀ ਹਾਜ਼ਰੀ ਵਿਚ ਸਰਕਾਰ ਦੇ ਇਸ਼ਤਿਹਾਰਬਾਜ਼ੀ ਬਾਰੇ ਫ਼ੈਸਲੇ ਦਾ ਐਲਾਨ ਕੀਤਾ। ਗੂਗਲ ਤੇ ਮੇਟਾ ਨੇ ਕਿਹਾ ਕਿ ਪ੍ਰਵਾਨ ਕੀਤਾ ਬਿੱਲ ਕੰਮ ਕਰਨਯੋਗ ਨਹੀਂ। ਗੂਗਲ ਨੇ 29 ਜੂਨ ਨੂੰ ਐਲਾਨ ਕੀਤਾ ਸੀ ਕਿ ਉਸ ਦਾ ਆਪਣੇ ਪਲੇਟਫਾਰਮ 'ਤੇ ਕੈਨੇਡੀਅਨ ਖਬਰਾਂ ਰੋਕਣ ਦਾ ਇਰਾਦਾ ਹੈ ਪਰ ਇਹ ਲਗਾਤਾਰ ਰੈਗੂਲੇਟਰ ਪ੍ਰੋਕਿਰਿਆ ਵਿਚ ਹਿੱਸਾ ਲੈ ਰਹੀ ਹੈ। ਮੇਟਾ ਨੇ ਪਹਿਲਾਂ ਕਿਹਾ ਸੀ ਕਿ ਉਹ ਕੈਨੇਡੀਅਨ ਖ਼ਬਰਾਂ ਤਕ ਪਹੁੰਚ ਰੋਕ ਦੇਵੇਗੀ ਅਤੇ ਮੰਤਰੀ ਨੇ ਕਿਹਾ ਕਿ ਕੰਪਨੀ ਨੇ ਨਿਯਮਾਂ ਰਾਹੀਂ ਕੋਈ ਹੱਲ ਕੱਢਣ ਵਿਚ ਰੁਚੀ ਨਹੀਂ ਦਿਖਾਈ। ਰੋਡਰਿਗਜ਼ ਨੇ ਦੱਸਿਆ ਕਿ ਮੌਜੂਦਾ ਸਮੇਂ ਫੈਡਰਲ ਸਰਕਾਰ ਮੇਟਾ ਪਲੇਟਫਾਰਮਾਂ 'ਤੇ ਇਸ਼ਤਿਹਾਰਬਾਜ਼ੀ ਲਈ ਇਕ ਸਾਲ ਵਿਚ ਇਕ ਕਰੋੜ ਡਾਲਰ ਖਰਚ ਕਰ ਰਹੀ ਹੈ।

# ਤਾਮਿਲਨਾਡੂ ਦੇ ਡੀ.ਜੀ.ਆਈ. ਨੇ ਗੋਲੀ ਮਾਰ ਕੇ ਖ਼ੁਦਕੁਸ਼ੀ ਕੀਤੀ



ਕੋਇੰਬਟੂਰ-ਤਾਮਿਲਨਾਡੂ ਦੇ ਕੋਇੰਬਟੂਰ ਵਿੱਚ ਪੁਲੀਸ ਦੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਨੇ ਕਥਿਤ ਤੌਰ 'ਤੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਡੀਆਈਜੀ ਸ੍ਰੀ ਸੀ. ਵਿਜੈ ਕੁਮਾਰ ਨੇ ਸ਼ਹਿਰ ਵਿੱਚ ਆਪਣੀ ਰੈੱਡ ਫੀਲਡਜ਼ ਸਥਿਤ ਰਿਹਾਇਸ਼ 'ਤੇ ਕਥਿਤ ਤੌਰ 'ਤੇ ਆਪਣੀ ਸਰਵਿਸ ਪਿਸਤੌਲ ਨਾਲ ਖ਼ੁਦ ਨੂੰ ਗੋਲੀ ਮਾਰੀ। ਖ਼ੁਦਕੁਸ਼ੀ ਦੇ ਕਾਰਨਾਂ ਦਾ ਪਤਾ ਲੱਗਿਆ। 2009 ਬੈਚ ਦੇ ਭਾਰਤੀ ਪੁਲੀਸ ਸੇਵਾ (ਆਈਪੀਐੱਸ) ਅਧਿਕਾਰੀ ਵਿਜੈ ਕੁਮਾਰ ਨੇ ਇਸ ਸਾਲ ਜਨਵਰੀ ਵਿੱਚ ਡੀਆਈਜੀ ਵਜੋਂ ਅਹੁਦਾ ਸੰਭਾਲਿਆ ਸੀ।

# ਆਰਸੀਐਮਪੀ ਨੂੰ ਬਹਾਲ ਕਰਦਿਆਂ ਸਰੀ ਦੀ ਮੇਅਰ ਨੇ...

ਸਫ਼ਾ 1 ਦੀ ਬਾਕੀ

ਹਫ਼ਤਾ ਪਹਿਲਾਂ 27 ਅਕਤੂਬਰ 2022 ਨੂੰ ਕੀਤੀ ਸੀ। 4 ਨਵੰਬਰ ਨੂੰ ਬੀਸੀ ਵਿਚ ਆਰਸੀਐਮਪੀ ਦੇ ਮੁੱਖੀ ਡਵੇਨ ਮੈਕਡੋਨਾਲਡ ਤੇ ਸਰੀ ਦੇ ਚੀਫ਼ ਆਰਸੀਐਮਪੀ ਅਫਸਰ ਬਰਾਇਨ ਐਡਵਰਡਸ ਨਾਲ ਨਿੱਜੀ ਰੂਪ ਵਿਚ ਮੀਟਿੰਗ ਕੀਤੀ ਸੀ। ਇਸ ਪਿੱਛੋਂ ਲੜੀਵਾਰ ਨਿੱਜੀ ਰੂਪ ਵਿਚ ਜਾਂ ਫੋਨ 'ਤੇ ਬਹੁਤੀਆਂ ਮੀਟਿੰਗਾਂ ਸਹਾਇਕ ਕਮਿਸ਼ਨਰ ਐਡਵਰਡ ਨਾਲ ਹੁੰਦੀਆਂ ਰਹੀਆਂ। 2 ਦਸੰਬਰ ਦੀ ਮੀਟਿੰਗ ਵਿਚ ਦੋਵੇਂ ਅਫਸਰ, ਸਿਟੀ ਦਾ ਜਨਰਲ ਮੈਨੇਜਰ ਵਿੰਸ ਲਾਲੋਂਡੇ ਅਤੇ ਕੌਂਸਲਰ ਰੋਨ ਸਟੱਟ ਮੌਜੂਦ ਸੀ। ਪਿਛਲੇ ਹਫ਼ਤੇ ਸ਼ਹਿਰ ਦੇ ਐਥਿਕਸ ਕਮਿਸ਼ਨਰ ਨੇ ਸਟੱਟ ਨੂੰ ਕਨਫਲਿਕਟ ਆਫ ਇੰਟੈਰਸਟ ਵਿਚ ਸ਼ਾਮਿਲ ਪਾਇਆ ਸੀ ਕਿਉਂਕਿ ਨਵੰਬਰ ਵਿਚ ਉਸ ਨੇ ਆਰਸੀਐਮਪੀ ਨੂੰ ਮੁੜ ਬਹਾਲ ਕਰਨ ਦੇ ਪੱਖ ਵਿਚ ਵੋਟ ਦਿੱਤਾ ਸੀ ਜਦਕਿ ਉਸ ਦਾ ਪੁੱਤਰ ਅਜੇ ਵੀ ਸਰੀ ਵਿਚ ਪੁਲਿਸ ਮੁਲਾਜ਼ਮ ਵਜੋਂ ਕੰਮ ਕਰ ਰਿਹਾ ਸੀ। 6 ਦਸੰਬਰ ਨੂੰ ਮਿਸ ਲੌਕ ਨੇ ਓਟਵਾ ਦੌਰੇ ਦੌਰਾਨ ਉਸ ਸਮੇਂ ਦੀ ਆਰਸੀਐਮਪੀ ਕਮਿਸ਼ਨਰ ਬਰੈਂਡਾ ਲੱਕੀ ਨਾਲ ਮੀਟਿੰਗ ਕੀਤੀ ਸੀ।

# ਮਿਸ਼ਨ 'ਚ ਚੋਰਾਂ ਦੇ ਛੇ ਮੈਂਬਰੀ ਗਰੋਹ ਨੇ ਇੱਕ ਸਟੋਰ ਨੂੰ ਬਣਾਇਆ ਨਿਸ਼ਾਨਾ

## ਚਿਕਨ ਅਤੇ ਰਸੋਈ ਦੀਆਂ ਵਸਤਾਂ ਕੀਤੀਆਂ ਚੋਰੀ

ਐਬਟਸਫੋਰਡ-ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਲੋਅਰ ਮੇਨ ਲੈਂਡ 'ਚ ਫਰੇਜਰ ਦਰਿਆ ਦੇ ਕੰਡੇ ਵਸੇ ਸ਼ਹਿਰ ਮਿਸ਼ਨ ਦੇ ਇੱਕ ਵੱਡੇ ਗਰੋਸਰੀ ਸਟੋਰ 'ਚੋ ਚੋਰਾਂ ਦਾ ਇੱਕ ਗਰੋਹ ਵੱਡੀ ਮਾਤਰਾ ਵਿੱਚ ਚਿਕਨ ਅਤੇ ਰਸੋਈ 'ਚ ਨਿੱਤ ਵਰਤੀਆਂ ਜਾਣ ਵਾਲੀਆਂ ਖਾਣ ਪੀਣ ਦੀਆਂ ਵਸਤਾਂ ਚੋਰੀ ਕਰਕੇ ਰਫੂ ਚੱਕਰ ਹੋ ਗਿਆ। ਚੋਰਾਂ ਨੇ ਸਮਾਨ ਦੀ ਬੱਘੀ ਭਰ ਕੇ ਉਸ ਐਂਟਰੀ ਗੇਟ ਦੇ ਨੇੜੇ ਲਿਆ ਖੜ੍ਹੀ ਕੀਤੀ ਜਿਸ ਐਂਟਰੀ ਗੇਟ ਤੋਂ ਬਾਹਰ ਨਿੱਕਲ ਦਾ ਰਸਤਾ ਨਹੀਂ ਹੈ। ਜਿਉਂ ਹੀ ਕੋਈ ਦੂਜਾ ਗਾਹਕ ਸਟੋਰ 'ਚ ਦਾਖਲ ਹੋਇਆ ਤਾਂ ਚੋਰਾਂ 'ਚੋਂ ਇੱਕ ਨੇ ਬੰਦ ਹੋਣ ਵਾਲਾ ਗੇਟ ਫੜ੍ਹ ਲਿਆ ਤਾਂ ਕਿ ਉਹ ਬੰਦ ਨਾ ਹੋ ਜਾਵੇ ਅਤੇ ਦੂਜੇ ਨੇ ਇੱਕਦਮ ਬੱਘੀ ਬਾਹਰ ਕੱਢ ਲਈ। ਜਦੋਂ ਸਟੋਰ ਦੇ ਕਿਸੇ ਵਰਕਰ ਨੂੰ ਪਤਾ ਲੱਗਾ ਤਾਂ ਉਸ ਨੇ ਤੁਰੰਤ ਰੌਲਾ ਪਾ ਦਿੱਤਾ ਜਿਸ ਉਪਰੰਤ ਬਾਕੀ ਸਟਾਫ਼ ਨੇ ਜਦੋਂ ਚੋਰਾਂ ਦਾ ਪਿੱਛਾ ਕੀਤਾ ਤਾਂ ਉਹ ਔਡੀ ਕਾਰ ਵਿੱਚ ਸਮਾਨ ਸਮੇਤ ਫਰਾਰ ਹੋ ਗਏ। ਕਾਰ ਦੇ ਨੰਬਰ ਪਲੇਟ ਦੀ ਫੋਟੋ ਖਿੱਚ ਕੇ ਪੁਲਿਸ ਨੂੰ ਦੇ ਦਿੱਤੀ ਹੈ ਅਤੇ ਪੁਲਿਸ ਵੱਲੋਂ ਇਸ ਸੰਬੰਧੀ ਜਾਂਚ ਜਾਰੀ ਹੈ। ਮਿਲੀ ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਚੋਰਾਂ ਦਾ ਇਹ ਛੇ ਮੈਂਬਰ ਗਰੋਹ ਹੈ ਜਿਸ ਵਿੱਚ ਇੱਕ ਮਹਿਲਾ ਗੋਰੀ ਵੀ ਦੱਸੀ ਜਾ ਰਹੀ ਹੈ ਅਤੇ ਇਸ ਚੋਰੀ ਵਿੱਚ ਗੋਰਾ ਭਾਈਚਾਰੇ ਦੇ ਆਦਮੀ ਦੱਸੇ ਜਾ ਰਹੇ ਹਨ।

# ਐਬਟਸਫੋਰਡ 'ਚ ਸ਼ਹੀਦ ਕਰਮ ਸਿੰਘ ਬੱਬਰ ਨੂੰ ਸਮਰਪਿਤ ਪੰਜਾਬੀ ਸੱਭਿਆਚਾਰ ਮੇਲਾ 30 ਨੂੰ

## ਪੰਜਾਬੀ ਗਾਇਕਾਂ ਵੱਲੋਂ ਪੇਸ਼ ਕੀਤਾ ਜਾਵੇਗਾ ਖਾਸ ਪ੍ਰੋਗਰਾਮ


ਐਬਟਸਫੋਰਡ-ਏਥੋਂ ਦੇ ਨੈਸ਼ਨਲ ਰੋਟਰੀ ਸਟੇਡੀਅਮ ਵਿਖੇ ਇੰਡੋ-ਕੈਨੇਡੀਅਨ ਯੂਥ ਕਲੱਬ ਵੱਲੋਂ ਹਰ ਸਾਲ ਦੀ ਤਰਾਂ 30 ਜੁਲਾਈ ਦਿਨ ਐਤਵਾਰ ਨੂੰ ਸ਼ਹੀਦ ਭਾਈ ਕਰਮ ਸਿੰਘ ਬੱਬਰ ਨੂੰ ਸਮਰਪਿਤ ਪੰਜਾਬੀ ਸੱਭਿਆਚਾਰ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਕਈ ਨਾਮਵਰ ਗਾਇਕ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। 12 ਵਜੇ ਦੁਪਹਿਰ ਤੋਂ ਲੈ ਕੇ ਸ਼ਾਮ ਦੇ 7 ਵਜੇ ਤੱਕ ਚੱਲਣ ਵਾਲੇ ਇਸ ਮੇਲੇ ਵਿੱਚ ਮਨੋਰੰਜਨ ਵਾਲੀਆਂ ਕੰਪਨੀਆਂ ਬੱਚਿਆਂ ਲਈ ਰਾਇਡਾਂ ਦਾ ਪ੍ਰਬੰਧ ਕਰਨਗੇ। ਗਦਰੀ ਬਾਬਿਆਂ ਦੇ ਸੰਬੰਧ ਵਿੱਚ ਪੁਸਤਕਾਂ ਦੀ ਸਟਾਲ ਅਤੇ ਪੰਜਾਬੀ ਵਿਰਸੇ ਦੀਆਂ ਫੋਟਵਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ। ਇਸ ਮੇਲੇ ਵਿੱਚ ਕੋਈ ਟਿਕਟ ਨਹੀਂ ਹੋਵੇਗੀ ਅਤੇ ਪੰਜਾਬੀ ਭਾਈਚਾਰੇ ਦਾ ਨਾਂ ਰੌਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਹੋਰ ਵਧੇਰੇ ਜਾਣਕਾਰੀ ਲਈ ਯੋਧਾ ਚਕਰ 604-825-8315 ਜਾਂ ਸੁੱਖਾ ਸ਼ੇਰਪੁਰ 778-779-300 ਜਾਂ ਸੁਖਵਿੰਦਰ ਗਿੱਲ ਨਾਲ 604-825-4479 ਫ਼ੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca

ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ ਕਸ਼ਮੀਰ (ਸ਼੍ਰੀਨਗਰ)

ਛੈਲ ਬਾਂਕਾ ਹਿਰਦੇਗਾਮੀ ਅਤੇ ਲੋਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ ਕਸ਼ਮੀਰ (ਸ੍ਰੀਨਗਰ) ੴਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸਭਿਆਚਾਰ ਦੀ ਖ਼ੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿੱਥੇ ਖੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲ ਖਿਚਵੇਂ ਦ੍ਰਿਸ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖ਼ਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫ਼ੋਟੋਗ੍ਰਾਫਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫ਼ੋਨ ਆਇਆ, ਕਿ ਕਸ਼ਮੀਰ ਚੱਲਨਾ ਏਂ। ਮੈਂ ਝੱਟ ਦੀ ਹਾਂ ਕਰ ਦਿੱਤੀ। ਸਾਡੇ ਨਾਲ ਪ੍ਰਸਿੱਧ ਸ਼ਾਇਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ।

ਲੰਬੇ ਸਫ਼ਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ। ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ।

ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ। ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ। ਗੁਰਦਾਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲਗਦੀ ਹੈ। ਗੁਰਦਾਸਪੁਰ ਦੇ ਆਸ ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ। ਕਸਬਾ ਸਰਨਾ ਇਕ ਐਸਾ ਸਥਾਨ ਹੈ ਜਿੱਥੇ ਹਿਮਾਚਲ ਪ੍ਰਦੇਸ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ। ਸਰਨਾ ਤੋਂ ਹੋ ਕੇ ਹੀ ਵਾਹਨ ਜੰਮੂ-ਕਸ਼ਮੀਰ ਤੋਂ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ।

ਮਾਧੋਪੁਰ ਕਸਬੇ ਦੇ ਬਾਗ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ। ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ। ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ। ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੱਦ ਹੈ ਤੇ ਪਾਰ ਉਧਰ ਜੰਮੂ-ਕਸ਼ਮੀਰ ਦੀ ਹੱਦ ਹੈ। ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਈਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆਂ ਹੀ ਕੁਝ ਮਿੰਟਾਂ ਤੋਂ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ। ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਜਿਥੇ ਲੋਕ ਚਾਹ ਪਾਣੀ ਨਾਸ਼ਤਾ ਭੋਜਨ ਆਦਿ ਕਰ ਸਕਦੇ ਹਨ। ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ। ਖੱਟੀ ਮਿੱਠੀ ਚਟਨੀ, ਮੂਲਕਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚੱਟਨੀ ਮੂੰਹ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।

ਇਸ ਤੋਂ ਬਾਅਦ ਅਨੇਕਾਂ ਹੀ ਪੁੱਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ। ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ। ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਲ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ਼੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ ਉਹ ਫਿਰ ਖਾਲੀ ਨਹੀਂ ਜਾਂਦੇ ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ। ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ। ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਪਟਣੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ। ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲਗਦੇ ਹਨ।

ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖ਼ਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੱਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ।

ਜਦੋਂ ਵੀ ਕਸ਼ਮੀਰ ਜਾਓ ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ। ਡੱਲ ਝੀਲ ਦੇ ਨਾਲ ਲਗਦੀ ਸੜਕ ਦੇ ਨਾਲ-ਨਾਲ ਹੋਟਲ ਹੀ ਹੋਟਲ ਹਨ। ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌਂ ਸੌ ਰੁਪਏ ਵਿਚ ਮਿਲ ਗਿਆ। ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖ਼ਾਣਾ ਖ਼ਾਣ ਤੋਂ ਬਾਅਦ ਗੱਪ ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਿਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ।

ਅਸੀਂ ਘੁੰਮਣ ਫ਼ਿਰਨ ਦਾ ਸਾਰਾ ਪ੍ਰੋਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਿਕਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।

ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ। ਅਸੀਂ ਕਸ਼ਮੀਰ ਦੇ ਪਾਸ-ਪਾਸ ਜਾ ਦੂਰ ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।

ਕਸ਼ਮੀਰ ਦੇ ਸਾਰੇ ਮੁਗਲ-ਬਾਗ, ਪਹਿਲਗਾਮ, ਪ੍ਰਸਿੱਧ ਸ਼ੰਕਰਚਾਰਿਆ ਮੰਦਿਰ, ਗੁਰਦੁਆਰੇ, ਗੁਲ ਮਰਗ, ਸੋਨ ਮਰਗ ਅਤੇ ਕਈ ਹੋਰ ਖ਼ੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ।

ਛੈਲ ਛਬੀਲਾ ਰੰਗ ਰੰਗੀਲਾ ਅਤੇ ਸੁੰਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ! ਕਸ਼ਮੀਰ ਦੀ ਵਿਸ਼ਵ ਪ੍ਰਸਿੱਧ ਡੱਲ ਝੀਲ ਰੁਜ਼ਗਾਰਦਾਤੀ ਹੈ। ਵੈਕੁੰਠ ਦੀ ਪਰਿਭਾਸ਼ਾ, ਅਦਭੁਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖ਼ੁਸ਼ੀ ਦਾ ਖਜ਼ਾਨਾ। ਕੁਦਰਤ ਏਥੇ ਸਾਹਿਤ ਬਖ਼ਸ਼ਦੀ ਹੈ। ਸੁੰਦਰਤਾ ਦੇ ਵੱਖ-ਵੱਖ ਗਹਿਣਿਆਂ ਨਾਲ ਮਾਲਾ ਮਾਲ। ਕੁਦਰਤ ਇਥੇ ਹਜ਼ਾਰਾਂ ਦੀ ਖ਼ੂਬਸੂਰਤ ਰੰਗਾਂ ਨੂੰ ਧਰਤੀ 'ਤੇ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ,


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

ਤਸਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ। ਕਸ਼ਮੀਰ ਦੀ ਧਰਤੀ ਅਦਭੁਤ ਕੀਮਤੀ ਫ਼ਸਲਾਂ ਦੀ ਜਨਮਦਾਤੀ ਹੈ। ਆਯੁਰਵੈਦ ਦੀ ਮੂਲ ਜੜ੍ਹ ਹੈ ਇਸ ਧਰਤੀ ਦੀ



ਬਨਸਪਤੀ। ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪਰਾ ਣੀ ਮਹਿਸੂਸ ਕਰ ਸਕਦਾ ਹੈ। ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫੀਲੀ ਪਹਾੜੀਆਂ ਦੇ ਨਗਨ ਤਨ ਉਪਰ ਦਸਤਖਤ ਕਰਦੀ ਹੈ ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖ਼ੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ ਜਿਥੇ ਕੁਦਰਤ ਨੇ ਹਰ ਸ਼ੈਅ ਵਿਚ ਸੁੰਦਰਤਾ ਭਰਕੇ ਪਰਮਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖ਼ੂਬਸੂਰਤੀ ਦਾ ਇਨਸਾਨੀਅਤ ਸਥਾਨ। ਕੁਦਰਤ ਆਪਣੇ ਗੁਲਫਾਮ ਅਭਿਵਾਦਨ ਵਿਚ ਜੀ ਆਇਆਂ ਕਹਿੰਦੀ ਪ੍ਰਤੀਤ ਹੁੰਦੀ ਹੈ।

ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ। ਕੁਦਰਤ ਦਾ ਅਦਭੁਤ ਰੂਪਮਾਨ ਅਨੁਪਮ ਨਜ਼ਾਰਾ। ਕੁਦਰਤ ਜਿਵੇਂ ਖ਼ੂਬਸੂਰਤ ਮਰਮਸਪਰਸ਼ੀ ਵੱਖ-ਵੱਖ ਵਿਧਾਵਾਂ ਵਿਚ ਦ੍ਰਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ।

ਸਾਫ਼ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ। ਇਸਦੀ ਕੁਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ। ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ। ਇਸੇ ਝੀਲ ਦੇ ਉਪਰ, ਝੀਲ ਦੇ ਨਾਲ-ਨਾਲ ਮੁਗਲ ਬਾਗ ਸ਼ੋਭਨੀਏ ਹਨ। ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ਼। ਡੱਲ ਦੇ ਚਾਰੇ ਪਾਸੇ ਉਚੇ ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ। ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾਂ ਤਤਪਰ ਰਹਿੰਦੀ ਹੈ।

ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ। ਸੁੰਦਰ ਦ੍ਰਿਸ਼ਾਵਾਲੀਆ ਨਾਲ ਮਾਲਾ ਮਾਲ ਕਸ਼ਮੀਰ।

ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲਗਦੀ ਹੈ। ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇਝ ਪ੍ਰਤੀਤ ਹੁੰਦੀ ਹੈ ਜਿਵੇਂ ਸਾਰਾ ਪਾਣੀ ਹੀ ਜਗ-ਮਗ ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ ਜੋ ਇਸ ਦਾ ਇਕ ਹਿੱਸਾ ਬਣੀਆਂ ਹਨ ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ।

ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ। ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ। ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ। ਇਹ ਲਗਭਗ 25 ਕਿਲੋਮੀਟਰ ਲੰਬਾ ਹੈ। ਇਸ ਝੀਲ ਵਿਚ ਵੈਜੀਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟਰ ਹੋਟਲ ਸਾਫ਼ ਨਜ਼ਰ ਆਉਂਦੇ ਹਨ। ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ ਜਿਸ ਵਿਚ ਖ਼ੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪਰ ਹੀ ਜਾਇਆ ਜਾ ਸਕਦਾ ਹੈ। ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ। ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ। ਖ਼ੂਬਸੂਰਤ, ਸਾਜ ਸੱਜਾ ਲਾਲ ਸੰਵਰੇ, ਖ਼ੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ। ਇਹ ਖ਼ੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ।



ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ। ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ। ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ ਜਿਸ ਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਿਲ ਹੁੰਦਾ ਹੈ। ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ। ਇਥੋ ਫੋਟੋਗ੍ਰਾਫੀ ਦਾ ਆਪਣਾ ਹੀ ਮਜ਼ਾ ਲੁਤਫ਼ ਨਜ਼ਾਰਾ ਹੁੰਦਾ ਹੈ। ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ। ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ। ਸ਼ਿਕਾਰਿਆ ਵਿਚ ਹੀ ਸਾਮਾਨ ਮਿਲਦਾ ਹੈ ਜੋ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ।

ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ। ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦ੍ਰਿਸ਼ਵਾਲੀਆਂ ਦਾ ਅਦਭੁਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਜਾਵੇ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖ਼ਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਗ, ਨਿਸ਼ਾਤ ਬਾਗ, ਸਾਲੀਮਾਰ ਬਾਗ ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜੂ ਵੈਲੀ, ਟੂਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ।

ਇਸਦੇ ਆਸ ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ : ਹਜ਼ਰਤ ਮਸਜਿਦ, ਸ਼ੰਕਰਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਵਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂਮਾਨ ਮੰਦਿਰ, ਪਾਮਪਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੁਸਮਰਗ, ਤੰਗ ਮਰਗ, ਅਵਾਂਤਪੁਰ, ਨੂਨ-ਕੂਨ, ਸੋਨਾ ਮਾਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ।

ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੁੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ। ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ। ਰਹਿਣ ਦਾ ਪੂਰਾ ਪ੍ਰਬੰਧ ਹੈ। ਲੰਗਰ ਦੀ ਵਿਵਸਥਾ ਵੀ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਕਸ਼ਮੀਰ (ਸ੍ਰੀਨਗਰ) ਵਿਖੇ ਅਨੇਕਾਂ ਹੀ ਸਥਾਨ 'ਨਾਗ' ਦੇ ਨਾਮ ਨਾਲ ਪ੍ਰਸਿੱਧ ਹਨ। ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ। ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ। ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀਂ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ ਜਿਸ ਦੇ ਵੰਸ਼ ਨੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪਰ ਰਾਜ ਕੀਤਾ। ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ ਜੋ ਕਸ਼ਯਪ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ। ਕਸ਼ਯਪ ਦੀਆਂ ਦੋ ਰਾਣੀਆਂ ਸਨ-ਕਦਰੂ ਅਤੇ ਵਿਨੀਤਾ। ਕਦਰੂ ਦੇ ਪੁੱਤਰ ਨੀਲ, ਪਦਮ ਅਤੇ ਸਾਂਖ ਸਨ। ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੁੜ ਅਤੇ ਪੁੱਤਰੀ ਯਮੁਨਾ ਸੀ। ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪਰ ਬੈਠਾ। ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ-ਨੀਲ, ਪਦਮ ਅਤੇ ਸਾਂਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਣ ਨਾਗ ਕਹਿਕੇ ਬੁਲਾਵਣ ਲੱਗੇ ਅਤੇ ਇਸਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਅਲੱਗ ਕਰ ਦਿੱਤਾ। ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪਰ ਪ੍ਰਸਿੱਧ ਹਨ ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ।

ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੌਰਵਪੂਰਨ ਇਤਿਹਾਸ ਅਤੇ ਕੁਦਰਤੀ ਖ਼ੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲਫ਼ਾਮ ਸਥਾਨ ਹੈ। ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੋਂ 'ਹੁਣੋਂ' ਦਾ ਅਧਿਕਾਰ ਰਿਹਾ। ਕਸ਼ਮੀਰ ਦੇ ਹਿੰਦੂ ਰਾਜਿਆਂ ਵਿਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ। ਇੱਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ ਵਿਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ ਉਤੇ ਪਠਾਨਾਂ ਦਾ ਸ਼ਾਸ਼ਨ ਰਿਹਾ।

ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ। ਇਸਦੇ ਬਾਅਦ ਪੰਜਾਬ ਦੇ ਸ਼ਾਸਕ ਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪਰ ਦਸਤਖ਼ਤ ਕੀਤੇ।

ਜੰਮੂ ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗਬਾਨੀ (ਕਾਸ਼ਤਕਾਰੀ) ਉਪਰ ਨਿਰਭਰ ਹੈ। ਇਥੇ ਬੋਲੀ ਜਾਣ ਵਾਲੀ ਪ੍ਰਮੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਲਗਭਗ 101387 ਵਰਗ ਕਿਲੋਮੀਟਰ ਖੇਤਰਫ਼ਲ ਵਿਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦ੍ਰਿਸ਼ਟੀ ਵਿਚ ਬੇਹੱਦ ਮਹੱਤਵਪੂਰ, ਅਦਭੁਤ ਸਥਾਨ ਹੈ। ਇੱਥੇ ਮੁਗਲ ਬਾਦਸ਼ਾਹਾਂ ਦੁਆਰਾ ਨਿਰਮਿਤ ਬਾਗ਼ ਬਗੀਚੇ ਆਪਣੀ ਅਦਭੁਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ। ਇਸ ਕਰਕੇ ਲੱਦਾਖ ਸਥਿੱਤ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ।

ਕੁਦਰਤੀ ਖ਼ੂਬਸੂਰਤੀ ਨਾਲ ਮਾਲਾ ਮਾਲ ਇਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪਰ ਸਵਰਗ ਨਾਮ ਦਿੱਤਾ ਹੈ। ਦੁਧੀਆ ਦ੍ਰਿਸ਼ਾਵਲੀਆਂ, ਅਦਭੁਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨ ਤਨ ਭਾਵਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ।

ਬਰਫ਼ ਨਾਲ ਲੱਥ ਪੱਥ ਪਹਾੜੀਆਂ, ਝਰਨੇ, ਹਰੇ ਭਰੇ ਬਾਗ਼, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫ਼ਲ, ਫੁੱਲ, ਚਾਰ ਸੋ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।



ਸੂਫੀ ਸੰਤਾਂ ਦੀਆਂ ਅਨੇਕਾਂ ਪਵਿੱਤਰ ਦਰਗਾਹਾਂ, ਜੈਣ ਉਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ। ਸ੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪਰ ਵਸਿਆ ਹੋਇਆ ਹੈ।

ਕਸ਼ਮੀਰ (ਸ਼੍ਰੀਨਗਰ) ਨੂੰ ਵਿਸ਼ੇਸ ਤੌਰ 'ਤੇ ਫਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਸ ਧਰਤੀ ਉਪਰ ਕੁਦਰਤ ਦੀ ਏਨੀ ਬਖ਼ਸ਼ਿਸ਼ ਹੈ ਕਿ ਅਨੇਕਾਂ ਬਾਗ ਇਸ ਧਰਤੀ ਦੇ ਹਿੱਸੇ ਆਏ ਹਨ। ਖ਼ਾਸ ਕਰਕੇ ਸੇਬਾਂ ਦੇ ਕਈ ਕਈ ਮੀਲ ਲੰਬੇ ਬਾਗ਼ ਵਿਸ਼ੇਸ ਤੌਰ 'ਤੇ ਕਈ ਮੀਲ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ ਜਿਥੇ ਸਾਰੀ ਧਰਤੀ ਬਾਗ਼ਾਂ ਨੇ ਜੰਨਤ ਬਣਾ ਰੱਖੀ ਹੈ। ਹੋਰ ਅਖਰੋਟ ਦੇ ਵੱਡੇ ਰੁੱਖ ਬਾਗ਼। ਹਰ ਤਰ੍ਹਾਂ ਦਾ ਫ਼ਰੂਟ ਹੁੰਦਾ ਹੈ।

ਖ਼ਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ। ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ। ਇਹ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਇਸ ਧਰਤੀ ਨੂੰ ਮਾਲਾ ਮਾਲ ਕੀਤਾ ਹੈ ਕੁਦਰਤ ਨੇ। ਸਾਰਾ ਇਲਾਕਾ ਬਿਲਕੁਲ ਪੱਧਰਾ ਹੈ।

ਕਸ਼ਮੀਰ ਜਿੱਥੇ ਆਪਣੀ ਅਦਭੁਤ ਸੁੰਦਰਤਾ ਨਾਲ ਮਾਲਾ ਮਾਲ ਹੈ। ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ। ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਇੱਥੇ ਅਜਕਲ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਈਂਾ ਜਾਂਦੇ। ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ। ਖ਼ਾਸ ਕਰਕੇ ਡੱਲ ਝੀਲ ਦੇ ਸ਼ਿਕਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ। ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ। ਟਾਵੇਂ-ਟਾਵੇਂ ਲੋਕ ਹੀ ਇੱਥੇ ਆਉਂਦੇ ਹਨ। ਬੇਸ਼ੱਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ। ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ। ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ। ਇਕ ਅਦਭੁਤ ਧਰਤੀ ਦਾ ਵੈਕੁੰਠ

**ਬਲਵਿੰਦਰ 'ਬਾਲਮ' ਗੁਰਦਾਸਪੁਰ**
**ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਮੋ.- 98156-25409**




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

Your Lawyers, Because We Care

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਸੁਸਾਇਟੀ ਵੱਲੋਂ ਵਰਲਡ ਫੋਕ ਫੈਸਟੀਵਲ 6, 7 ਤੇ 8 ਅਕਤੂਬਰ ਨੂੰ

## ਅਮਰੀਕਾ, ਕੈਨੇਡਾ, ਇੰਗਲੈਂਡ, ਭਾਰਤ ਅਤੇ ਯੂਰਪੀ ਦੇਸ਼ਾਂ ਤੋਂ ਲੋਕ-ਨਾਚ ਟੀਮਾਂ ਹੋਣਗੀਆਂ ਸ਼ਾਮਲ



ਸਰੀ (ਹਰਦਮ ਮਾਨ, ਮਾਂਗਟ )-ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਸੁਸਾਇਟੀ ਵੱਲੋਂ 6, 7 ਤੇ 8 ਅਕਤੂਬਰ 2023 ਨੂੰ ਮੈਸੀ ਥੀਏਟਰ ਨਿਊ ਵੈਸਟ ਮਿਨਸਟਰ ਵਿਖੇ ਵਰਲਡ ਫੋਕ ਫੈਸਟੀਵਲ-2023 ਕਰਵਾਇਆ ਜਾ ਰਿਹਾ ਹੈ। ਇਹ ਐਲਾਨ ਬੀਤੇ ਦਿਨ ਸੁਸਾਇਟੀ ਦੇ ਮੈਂਬਰਾਂ ਦੀ ਇਸ ਸਬੰਧ ਵਿਚ ਹੋਈ ਇਕ ਵਿਸ਼ੇਸ਼ ਮੀਟਿੰਗ ਵਿਚ ਕੀਤਾ ਗਿਆ। ਇਸ ਮੀਟਿੰਗ ਵਿਚ ਚਰਨਜੀਤ ਸੈਣੀ, ਪਿਆਰਾ ਸਿੰਘ ਨੱਤ, ਪਰਮਜੀਤ ਜਵੰਦਾ, ਡਾ. ਸੁਖਵਿੰਦਰ ਵਿਰਕ, ਕੁਲਵਿੰਦਰ ਸੋਢੀ, ਕੁਲਵੀਰ ਸਿੰਘ ਤੱਖਰ, ਹਰਦੀਪ ਸਿੰਘ ਘੁੰਮਣ, ਕੁਲਵਿੰਦਰ ਧਨੋਆ, ਗੁਰਬਚਨ ਖੁੱਡੇਵਾਲਾ, ਦੇਸ ਰਾਜ ਢੋਲੀ, ਅਨਜੀਲਾ ਭਾਰਦਵਾਜ, ਮ੍ਰਚਲ ਜਵੰਦਾ, ਕੁਲਵਿੰਦਰ ਰੰਧਾਵਾ, ਬਲਕਾਰ ਪੰਮਾ, ਸੁਖਜੀਤ ਹੋਠੀ, ਅਮਰਜੀਤ ਔਜਲਾ, ਨਵਰੂਪ ਸਿੰਘ, ਹਰਦੀਪ ਬਲਗਨ, ਬਲਜੀਤ ਪਾਤਰ, ਪਰਮਿੰਦਰ ਭੰਗੂ, ਬਲਰਾਜ ਬਾਸੀ, ਰਾਜਿੰਦਰ ਪੁਰੇਵਾਲ, ਸੁਰਿੰਦਰ ਕਲਸੀ, ਰਾਜਿੰਦਰਪਾਲ ਔਲਖ ਅਤੇ ਹੋਰ ਕਈ ਮੈਂਬਰ ਸ਼ਾਮਲ ਹੋਏ। ਇਸ ਮੌਕੇ ਸੁਸਾਇਟੀ ਵੱਲੋਂ ਸੰਬੰਧਤ ਪੋਸਟਰ ਰਿਲੀਜ਼ ਕੀਤਾ ਗਿਆ। ਮੀਟਿੰਗ ਵਿਚ ਬੋਲਦਿਆਂ ਸੁਸਾਇਟੀ ਦੇ ਸੀਨੀਅਰ ਮੈਂਬਰ ਚਰਨਜੀਤ ਸੈਣੀ ਨੇ ਇਨ੍ਹਾਂ ਮੁਕਾਬਲਿਆਂ ਲਈ ਸਮੂਹ ਭਾਈਚਾਰੇ ਤੋਂ ਸਹਿਯੋਗ ਦੀ ਮੰਗ ਕੀਤੀ। ਕੁਲਵਿੰਦਰ ਸਿੰਘ ਨੇ ਮੇਲੇ ਵਿਚ ਬਾਹਰੋਂ ਆਉਣ ਵਾਲੀਆਂ ਟੀਮਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਪੰਜਾਬ ਦੇ ਪ੍ਰਸਿੱਧ ਭੰਗੜਾ ਕਲਾਕਾਰ ਡਾ. ਐਸ.ਐਸ. ਵਿਰਕ ਨੇ ਪੰਜਾਬੀ ਲੋਕ ਨਾਚਾਂ ਦੇ ਇਤਿਹਾਸ ਅਤੇ ਇਨ੍ਹਾਂ ਦੇ ਸਟੇਜੀਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਮੇਲੇ ਨੂੰ ਸਫਲ ਬਣਾਉਣ ਲਈ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ। ਚੰਡੀਗੜ੍ਹ ਤੋਂ ਆਏ ਪ੍ਰਸਿੱਧ ਜਰਨਲਿਸਟ ਤਰਲੋਚਨ ਸਿੰਘ ਨੇ ਬੱਚਿਆਂ ਦੇ ਲਗਾਤਾਰ ਪ੍ਰਵਾਸ ਕਾਰਨ ਉਦਾਸ ਪੰਜਾਬ ਦੀ ਤਸਵੀਰ ਪੇਸ਼ ਕਰਕੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ। ਡਾ. ਸਈਅਦ ਮੁਹੰਮਦ ਫਰੀਦ (ਪੰਜਾਬ ਯੂਨੀਵਰਸਿਟੀ ਲਾਹੌਰ), ਭੁਪਿੰਦਰ ਸਿੰਘ ਮੱਲੀ, ਪਿਆਰਾ ਸਿੰਘ ਲੋਤ, ਇੰਦਰਜੀਤ ਬੈਂਸ, ਢੋਲੀ ਦੇਸ ਰਾਜ, ਗੁਲਾਬ ਨਾਥ ਚੁੱਚ ਮਾਹੀ, ਮਨਜੀਤਪਾਲ ਰੰਧਾਵਾ, ਕਮਲਦੀਪ ਮਾਨ, ਗੁਰਬਖਸ਼ ਸੈਣੀ, ਦਵਿੰਦਰ ਬੈਨੀਪਾਲ, ਸੁਖਵਿੰਦਰ ਵਿਰਕ, ਗਾਇਕ ਕੁਲਵਿੰਦਰ ਧਨੋਆ, ਮਨਦੀਪ ਕੌਰ, ਮਿਨਾਕਸ਼ੀ ਮੀਤ, ਪ੍ਰਿੰਸ ਸੁਖਦੇਵ, ਹਰਵਿੰਦਰ, ਜਿੰਦਰ ਜੇਵੀ, ਡਾ. ਸੰਦੀਪ ਸੈਣੀ ਤੇ ਸੁਖਵਿੰਦਰ ਗੋਸਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਗਾਇਕ ਕੁਲਵਿੰਦਰ ਧਨੋਆ ਅਤੇ ਮਨਦੀਪ ਕੌਰ ਨੇ ਗਾਇਕੀ ਦਾ ਰੰਗ ਬੰਨ੍ਹਿਆਂ ਅਤੇ ਸੁਸਾਇਟੀ ਮੈਂਬਰਾਂ ਨੇ ਭੰਗੜੇ ਦਾ ਪ੍ਰਦਰਸ਼ਨ ਕੀਤਾ। ਮੀਟਿੰਗ ਦਾ ਸੰਚਾਲਨ ਨਵਰੂਪ ਸਿੰਘ ਅਤੇ ਅਨਜੀਲਾ ਨੇ ਬਾਖੂਬੀ ਕੀਤਾ। ਸੁਸਾਇਟੀ ਦੇ ਇਕ ਬੁਲਾਰੇ ਅਨੁਸਾਰ ਇਸ ਮੇਲੇ ਵਿਚ ਲੋਕ ਨਾਚ ਦੇ ਮੁਕਾਬਲੇ ਹੋਣਗੇ ਅਤੇ ਇਨ੍ਹਾਂ ਮੁਕਾਬਲਿਆਂ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਭਾਰਤ ਅਤੇ ਯੂਰਪੀ ਦੇਸ਼ਾਂ ਤੋਂ ਟੀਮਾਂ ਸ਼ਾਮਲ ਹੋਣਗੀਆਂ। ਸਰੀ-ਵੈਨਕੂਵਰ ਦੀਆਂ ਟੀਮਾਂ ਦੇ ਮੁਕਾਬਲੇ ਮੈਸੀ ਥੀਏਟਰ ਨਿਊ ਵੈਸਟਮਿਨਸਟਰ ਵਿਖੇ ਹੋਣਗੇ ਅਤੇ ਬਾਕੀ ਮੁਕਾਬਲੇ ਵੱਖ ਵੱਖ ਥਾਵਾਂ ਤੋਂ ਆਨ-ਲਾਈਨ ਹੋਣਗੇ।

## ਸੀਨੀਅਰ ਫਾਇਨੈਂਸ਼ਲ ਅਡਵਾਈਜ਼ਰ ਹਰਮਿੰਦਰ ਸਿੰਘ ਰੇਹਲ ਨੂੰ ਸਦਮਾ-ਮਾਤਾ ਬਲਵੀਰ ਕੌਰ ਰੇਹਲ ਸੁਰਗਵਾਸ

ਸਰੀ, (ਹਰਦਮ ਮਾਨ)-ਗਰੇਟਵੇਅ ਫਾਇਨੈਂਸ਼ਲ ਸਰੀ ਦੇ ਸੀਨੀਅਰ ਅਡਵਾਈਜ਼ਰ ਹਰਮਿੰਦਰ ਸਿੰਘ ਰੇਹਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਪੂਜਨੀਕ ਮਾਤਾ ਬਲਵੀਰ ਕੌਰ ਰੇਹਲ (ਸੁਪਤਨੀ ਸਵ. ਦਰਸ਼ਨ ਸਿੰਘ ਰੇਹਲ) ਸਦੀਵੀ ਵਿਛੋੜਾ ਦੇ ਗਏ। ਉਹ 97 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 7 ਜੁਲਾਈ 2023 (ਸ਼ੁੱਕਰਵਾਰ) ਨੂੰ ਬਾਅਦ ਦੁਪਹਿਰ ਇਕ ਵਜੇ ਰਿਵਰਸਾਈਡ ਫਿਊਨਰਲ ਹੋਮ (7410 ਹੋਪਕੌਟ ਰੋਡ) ਡੈਲਟਾ ਵਿਖੇ ਹੋਵੇਗਾ ਅਤੇ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਬਰੁੱਕਸਾਈਡ ਸਾਹਿਬ (8365 140 ਸਟਰੀਟ) ਸਰੀ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 604-338-1669 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

## ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਰਜਿ: ਇਟਲੀ ਵੱਲੋਂ ਆਉਣ ਵਾਲੇ ਸ਼ਰਧਾਜਲੀ ਸਮਾਗਮਾਂ ਸੰਬੰਧੀ ਸੰਗਤਾਂ ਨਾਲ ਵਿਚਾਰ ਸਾਂਝੇ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਰਜਿ.ਇਟਲੀ ਤਰਫੋਂ ਭਾਈ ਪ੍ਰਿਥੀਪਾਲ ਸਿੰਘ,ਸੇਵਾ ਸਿੰਘ ਫ਼ੌਜੀ,ਗੁਰਮੇਲ ਸਿੰਘ ਭੱਟੀ,ਦਰਬਾਰਾ ਸਿੰਘ ਫ਼ੌਜੀ,ਜਸਬੀਰ ਸਿੰਘ ਧਨੌਤਾ ਅਤੇ ਜਗਦੀਪ ਸਿੰਘ ਮੱਲ੍ਹੀ ਵੱਲੋਂ ਬਰੇਸ਼ੀਆ ਜਿਲ੍ਹੇ ਦੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਲੇਨੋ ਅਤੇ ਬਾਬਾ ਬੁੱਢਾ ਜੀ ਸਿੱਖ ਸੈਂਟਰ ਕਸਤੇਨੇਦੋਲੋ ਵਿਖੇ ਹਾਜ਼ਰੀ ਭਰੀ ਗਈ ਅਤੇ ਕਮੇਟੀ ਵੱਲੋਂ ਫੋਰਲੀ ਸ਼ਹਿਰ ਵਿਖੇ ਵੱਡੇ ਪੱਧਰ 'ਤੇ ਹਰ ਸਾਲ ਕਰਵਾਏ ਜਾਂਦੇ ਸ਼ਰਧਾਜਲੀ ਸਮਾਗਮ ਬਾਰੇ ਸੰਗਤਾਂ ਨਾਲ ਵਿਚਾਰ-ਵਟਾਂਦਰੇ ਕੀਤੇ ਗਏ।ਕਮੇਟੀ ਵੱਲੋਂ ਭਾਈ ਦਰਬਾਰਾ ਸਿੰਘ ਫ਼ੌਜੀ ਨੇ ਸੰਗਤਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਹਰ ਸਾਲ ਦੀ ਤਰ੍ਹਾਂ ਵੱਧ-ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਅਤੇ ਕਮੇਟੀ ਵੱਲੋਂ ਕੀਤੇ ਜਾਂਦੇ ਬਾਕੀ ਸਮਾਗਮਾਂ ਦੀ ਜਾਣਕਾਰੀ ਵੀ ਦਿੱਤੀ।



# ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ ਸਰੀ ਵੱਲੋਂ ਪੁਸਤਕ ਰਿਲੀਜ਼ ਅਤੇ ਵਿਚਾਰ ਚਰਚਾ ਸਮਾਗਮ




ਸਰੀ (ਹਰਦਮ ਮਾਨ)-ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ ਸਰੀ ਬੀਸੀ (ਕੈਨੇਡਾ) ਵੱਲੋਂ ਭਾਰਤ ਦੇ ਇਤਿਹਾਸਕ ਕਿਸਾਨ ਅੰਦੋਲਨ 'ਤੇ ਆਧਾਰਤ ਟੌਮਸਨ ਰਿਵਰਜ਼ ਯੂਨੀਵਰਸਿਟੀ ਕੈਮਲੂਪਸ ਦੇ ਪ੍ਰੋਫ਼ੈਸਰ ਅਮੈਰੀਟਸ ਡਾ. ਸੁਰਿੰਦਰ ਧੰਜਲ ਦੀਆਂ ਕਵਿਤਾਵਾਂ ਦੀ ਨਵ-ਪ੍ਰਕਾਸ਼ਿਤ ਕਿਤਾਬ 'ਦੀਵੇ ਜਗਦੇ ਰਹਿਣਗੇ' ਨੂੰ ਰਿਲੀਜ਼ ਕਰਨ ਹਿਤ ਅਤੇ ਅਮਰਜੀਤ ਚਾਹਲ ਦੇ ਨਾਵਲ 'ਓਟ' ਅਤੇ ਡਾ. ਧੰਜਲ ਦੁਆਰਾ ਪਾਸ਼ ਦੀਆਂ ਕਿਰਤੀ-ਕਿਸਾਨਾਂ ਬਾਰੇ ਚੋਣਵੀਆਂ ਨਜ਼ਮਾਂ ਦੀ ਸੰਪਾਦਿਤ ਪੁਸਤਕ 'ਖੇਤਾਂ ਦਾ ਪੁੱਤ: ਪਾਸ਼' ਉਪਰ ਵਿਚਾਰ ਚਰਚਾ ਕਰਨ ਲਈ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਪਹਿਲੀ ਜੁਲਾਈ ਨੂੰ ਇਕ ਸਮਾਗਮ ਕਰਵਾਇਆ ਗਿਆ। ਪੁਸਤਕ 'ਦੀਵੇ ਜਗਦੇ ਰਹਿਣਗੇ' ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਈਸਟ ਇੰਡੀਆ ਡੀਫੈਂਸ ਕਮੇਟੀ ਦੇ ਆਗੂ ਪ੍ਰੋਫੈਸਰ ਕਿਰਪਾਲ ਬੈਂਸ ਨੇ ਕਿਹਾ ਕਿ ਇਹ ਪੁਸਤਕ ਪੰਜਾਬ ਦੇ ਜੁਝਾਰੂ ਸਾਹਿਤ ਦਾ ਹਾਸਲ ਹੈ। ਇਸ ਵਿਚਲੀਆਂ ਸਾਰੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਭਾਰਤ ਦਾ 2020-21 ਵਿੱਚ ਕਿਰਤੀਆਂ-ਕਿਸਾਨਾਂ ਵੱਲੋਂ ਲੜਿਆ ਇਤਿਹਾਸਕ ਕਿਸਾਨ ਅੰਦੋਲਨ ਹੈ। 'ਲਿਖ, ਬੋਲ, ਤੇ ਗਾ ਕਿ ਤੇਰੇ ਕੋਲ ਤੇਰੀ ਜੀਭ ਹੈ ...' ਸਤਰ ਦਾ ਹਵਾਲਾ ਦਿੰਦਿਆਂ ਕਿਰਪਾਲ ਬੈਂਸ ਨੇ ਕਿਹਾ ਕਿ ਇਨ੍ਹਾਂ ਲਾਈਨਾਂ ਨੇ ਉਸ ਨੂੰ ਫ਼ੈਜ਼ ਅਤੇ ਸੁਰਜੀਤ ਪਾਤਰ ਦੀਆਂ ਵਿਸ਼ਵ ਪ੍ਰਸਿੱਧ ਰਚਨਾਵਾਂ ਨੂੰ ਚੇਤੇ ਕਰਵਾ ਦਿੱਤਾ। ਇਸ ਉੱਚ ਪਾਏ ਦੀ ਰਚਨਾ ਨਾਲ ਡਾ. ਧੰਜਲ ਪੰਜਾਬ ਦੇ ਜੁਝਾਰੂ ਕਵੀਆਂ ਪਾਸ਼, ਉਦਾਸੀ ਅਤੇ ਦਿਲ ਦੀ ਕਤਾਰ ਵਿੱਚ ਖੜ੍ਹਾ ਹੁੰਦਾ ਹੈ। ਜਗਦੇਵ ਸਿੰਘ ਸਿੱਧੂ (ਕੈਲਗਰੀ) ਵੱਲੋਂ 'ਦੀਵੇ ਜਗਦੇ ਰਹਿਣਗੇ' ਪੁਸਤਕ ਬਾਰੇ ਲਿਖੇ ਪਰਚੇ ਦਾ ਸਾਰ-ਅੰਸ਼ ਮੰਚ ਸੰਚਾਲਕ ਭੁਪਿੰਦਰ ਧਾਲੀਵਾਲ ਨੇ ਪੇਸ਼ ਕੀਤਾ। ਜਗਦੇਵ ਸਿੰਘ ਸਿੱਧੂ ਨੇ ਇਸ ਪੁਸਤਕ ਨੂੰ ਵਿਸ਼ਵ ਪ੍ਰਸਿੱਧੀ ਵਾਲੇ ਭਾਰਤੀ ਕਿਸਾਨ ਅੰਦੋਲਨ ਦਾ ਮਹੱਤਵਪੂਰਨ ਦਸਤਾਵੇਜ਼ ਕਰਾਰ ਦਿੰਦਿਆਂ ਲਿਖਿਆ ਕਿ ਇਹ ਕਾਵਿਕ ਗੁਣਾਂ ਪੱਖੋਂ ਪੰਜਾਬੀ ਸਾਹਿਤ ਜਗਤ ਵਿੱਚ ਵੀ ਵਿਸ਼ੇਸ਼ ਸਥਾਨ ਅਖਤਿਆਰ ਕਰਨਯੋਗ ਰਚਨਾ ਹੈ। ਜਗਦੇਵ ਸਿੱਧੂ ਦੇ ਪਰਚੇ ਅਨੁਸਾਰ ਜਿਵੇਂ ਇਹ ਅੰਦੋਲਨ ਆਉਂਦੇ ਸਮਿਆਂ ਅੰਦਰ ਦੁਨੀਆਂ ਵਿਚ ਹੋਣ ਵਾਲੇ ਕਿਰਤੀ-ਕਿਸਾਨ ਸੰਘਰਸ਼ਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਰਹੇਗਾ, ਉਵੇਂ ਇਹ ਪੁਸਤਕ ਇੱਕ ਸ਼ਿਲਾਲੇਖ ਦੇ ਰੂਪ ਵਿੱਚ ਜਿੱਤ ਦੀ ਜ਼ਾਮਨੀ ਭਰਦੀ ਰਹੇਗੀ। ਮੋਹਨ ਗਿੱਲ ਨੇ ਕਿਸਾਨ ਅੰਦੋਲਨ ਦੌਰਾਨ ਡਾ. ਧੰਜਲ ਦੁਆਰਾ ਸੰਪਾਦਿਤ ਕਿਤਾਬ 'ਖੇਤਾਂ ਦਾ ਪੁੱਤ:ਪਾਸ਼' ਬਾਰੇ ਪਰਚਾ ਪੜ੍ਹਿਆ ਅਤੇ ਇਸ ਪੁਸਤਕ ਨੂੰ ਗਰਮ ਲੋਹੇ 'ਤੇ ਹਥੌੜੇ ਦੀ ਤਸ਼ਬੀਹ ਦਿੰਦਿਆਂ ਇਸ ਨੂੰ ਸੰਪਾਦਨ ਕਲਾ ਦੀ ਸਿਖਰ ਕਿਹਾ। ਉਨਾਂ ਕਿਹਾ ਕਿ ਪਾਸ਼ ਦੀਆਂ ਰਚਨਾਵਾਂ 'ਤੇ ਆਧਾਰਤ ਇਸ ਕਿਤਾਬ ਨੇ ਇੱਕ ਵਾਰ ਮੁੜ ਸਾਬਤ ਕੀਤਾ ਹੈ ਕਿ ਪਾਸ਼ ਦੀ ਕਵਿਤਾ ਧਰਤੀ ਦੀ ਕਵਿਤਾ ਹੈ ਨਾ ਕਿ ਅੰਬਰ ਦੀ। ਅਮਰਜੀਤ ਚਾਹਲ ਦੇ ਬਹੁ-ਚਰਚਿਤ ਨਾਵਲ 'ਓਟ' ਬਾਰੇ ਬਹੁਪੱਖੀ ਲੇਖਿਕਾ ਸੁਰਜੀਤ ਕਲਸੀ ਨੇ ਆਪਣਾ ਪਰਚਾ ਪੜ੍ਹਿਆ। ਸੁਰਜੀਤ ਕਲਸੀ ਨੇ ਨਾਵਲ ਦੇ ਹਰ ਪੱਖ ਬਾਰੇ ਵਿਸਥਾਰ-ਪੂਰਬਕ ਚਰਚਾ ਕੀਤੀ। ਉਨਾਂ ਨੇ ਇਸ ਰਚਨਾ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਛਪੇ ਹੁਣ ਤੱਕ ਦੇ ਗਲਪ ਦਾ ਸਿਖਰ ਕਰਾਰ ਦਿੱਤਾ। ਡਾ. ਧੰਜਲ ਅਨੁਸਾਰ ਅਮਰਜੀਤ ਚਾਹਲ ਬਹੁਤ ਘੱਟ ਪਰ ਬਹੁਤ ਠੋਸ ਲਿਖਣ ਵਾਲਾ ਲੇਖਕ ਹੈ। ਉਨਾਂ ਕਿਹਾ ਕਿ ਅਮਰਜੀਤ ਚਾਹਲ ਨੇ ਨਾਵਲ 'ਓਟ' ਵਿੱਚ ਜਿਸ ਡੂੰਘਾਈ, ਪਰਪੱਕਤਾ ਅਤੇ ਕਲਾ ਕੌਸ਼ਲਤਾ ਨਾਲ ਕੈਨੇਡਾ, ਅਮਰੀਕਾ ਅਤੇ ਭਾਰਤ ਦੇ ਸਮਕਾਲ ਦੇ ਦਰਸ਼ਨ ਕਰਵਾਏ ਹਨ, ਉਹ ਪੰਜਾਬੀ ਦੇ ਬਹੁਤ ਸਾਰੇ ਕਲਮਕਾਰਾਂ ਲਈ ਅਪਹੁੰਚ ਹੈ। ਇੰਜ. ਸਤਵੰਤ ਦੀਪਕ ਨੇ 'ਪਹਿਲਾ ਪਾਣੀ ਜੀਓ ਹੈ...' ਪਰਚੇ ਵਿੱਚ ਵਿਸ਼ਵ ਵਿੱਚ ਪੈਦਾ ਹੋ ਰਹੇ ਜਲ ਸੰਕਟ ਦੇ ਖਤਰਿਆਂ ਅਤੇ ਇਸ ਦੀ ਆੜ ਵਿੱਚ ਸਾਮਰਾਜੀ ਮੁਲਕਾਂ ਵੱਲੋਂ ਚੱਲੀਆਂ ਜਾ ਰਹੀਆਂ ਕੋਝੀਆਂ ਚਾਲਾਂ ਦਾ ਪਰਦਾਫਾਸ਼ ਕੀਤਾ। ਨਵਤੇਜ ਭਾਰਤੀ, ਅਜਮੇਰ ਰੋਡੇ, ਮਹਿੰਦਰ ਪਾਲ ਧਾਲੀਵਾਲ (ਇੰਗਲੈਂਡ), ਕ੍ਰਿਸ਼ਨ ਭਨੋਟ, ਅਮਰੀਕ ਪਲਾਹੀ, ਮੋਹਨ ਗਿੱਲ, ਅੰਮ੍ਰਿਤ ਦੀਵਾਨਾ ਅਤੇ ਇੰਦਰੇਸ਼ ਨੇ ਆਪਣੀਆਂ ਤਾਜ਼ੀਆਂ ਨਜ਼ਮਾਂ ਨਾਲ ਸਮਾਗਮ ਵਿਚ ਹਾਜ਼ਰੀ ਲੁਆਈ। ਸਮੇਟਵੇਂ ਅਤੇ ਧੰਨਵਾਦੀ ਸ਼ਬਦ ਬੋਲਣ ਤੋਂ ਪਹਿਲਾਂ ਡਾ. ਸੁਰਿੰਦਰ ਧੰਜਲ ਨੇ ਟਾਈਟਲ ਨਜ਼ਮ 'ਦੀਵੇ ਜਗਦੇ ਰਹਿਣਗੇ' ਪ੍ਰਭਾਵਸ਼ਾਲੀ ਢੰਗ ਨਾਲ ਸੁਣਾਈ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕੈਨੇਡੀਅਨ ਰੰਗ ਮੰਚ ਦੀ ਉੱਘੀ ਸ਼ਖ਼ਸੀਅਤ ਭੁਪਿੰਦਰ ਧਾਲੀਵਾਲ ਨੇ ਬਾਖ਼ੂਬੀ ਨਿਭਾਈ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS
plus BONUS* FREE LEGAL FEE & APPRAISAL



Our Symbol of Care & Service
Superior Mortgage
Unit 244-8138-128 Street, Surrey
604 507 1000

MORE EXPOSURE
MEANS MORE BUSINESS
NO NEED TO GO ANYWHERE
Advertise with us!
LINK
Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca



# ਲੰਡਨ ਵਿਚ ਛੁੱਟੀਆਂ ਦਾ ਆਨੰਦ ਮਾਣ ਰਹੇ ਹਨ ਅਨੁਸ਼ਕਾ ਤੇ ਵਿਰਾਟ

ਲੰਡਨ-ਬੌਲੀਵੁੱਡ ਅਦਾਕਾਰਾ ਅਨੁਸ਼ਕਾ ਸ਼ਰਮਾ ਆਪਣੇ ਪਤੀ ਤੇ ਸਟਾਰ ਕ੍ਰਿਕਟਰ ਵਿਰਾਟ ਕੋਹਲੀ ਨਾਲ ਲੰਡਨ ਵਿੱਚ ਛੁੱਟੀਆਂ ਦਾ ਆਨੰਦ ਮਾਣ ਰਹੀ ਹੈ। ਉਸ ਨੇ ਸੋਸ਼ਲ ਮੀਡੀਆ 'ਤੇ ਵਿਰਾਟ ਨਾਲ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਜਿਸ ਵਿਚ ਦੋਵੇਂ ਖੁਸ਼ ਨਜ਼ਰ ਆ ਰਹੇ ਹਨ। ਉਸ ਨੇ ਆਪਣੇ ਕ੍ਰਿਕਟਰ ਪਤੀ ਨਾਲ ਇੱਕ ਸੈਲਫੀ ਸਾਂਝੀ ਕੀਤੀ ਜਿਸ ਦੀ ਕੈਪਸ਼ਨ ਵਿਚ ਉਸ ਨੇ ਲਿਖਿਆ, 'ਮੌਜਾਂ ਹੀ ਮੌਜਾਂ।' ਇੰਸਟਾਗਰਾਮ 'ਤੇ ਸ਼ੇਅਰ ਕੀਤੀ ਇਸ ਤਸਵੀਰ ਵਿਚ ਵਿਰਾਟ ਚਿੱਟੀ ਤੇ ਕਾਲੀ ਦਾੜ੍ਹੀ ਦੇ ਸੁਮੇਲ ਨਾਲ ਆਕਰਸ਼ਕ ਦਿੱਖ ਵਿਚ ਦਿਖਾਈ ਦੇ ਰਿਹਾ ਹੈ। ਉਸ ਨੇ ਸਲੇਟੀ ਰੰਗ ਦੀ ਕਮੀਜ਼ ਪਾਈ ਹੋਈ ਹੈ ਅਤੇ ਸਫੈਦ ਸ਼ੀਸ਼ੇ ਤੇ ਕਾਲੇ ਫਰੇਮ ਵਾਲੀਆਂ ਐਨਕਾਂ ਲਾਈਆਂ ਹੋਈਆਂ ਹਨ। ਦੂਜੇ ਪਾਸੇ ਅਨੁਸ਼ਕਾ ਸਫੈਦ ਰੰਗ ਦੀ ਕਮੀਜ਼ ਤੇ ਘੱਟ ਮੇਕਅੱਪ ਨਾਲ ਖੂਬ ਫਬ ਰਹੀ ਹੈ। ਇਸ ਜੋੜੀ ਨੂੰ ਹਾਲ ਹੀ ਵਿੱਚ ਉੱਘੇ ਅਮਰੀਕੀ ਗਾਇਕ ਕ੍ਰਿਸ਼ਨ ਦਾਸ ਦੇ ਸਮਾਗਮ ਵਿੱਚ ਦੇਖਿਆ ਗਿਆ ਸੀ ਜੋ ਆਪਣੇ ਹਿੰਦੂ ਭਗਤੀ ਵਾਲੇ ਗੀਤਾਂ ਲਈ ਜਾਣਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਵਿਰਾਟ ਅਤੇ ਅਨੁਸ਼ਕਾ ਨੇ ਇਟਲੀ ਵਿੱਚ ਵਿਆਹ ਕਰਵਾਇਆ ਸੀ। ਅਨੁਸ਼ਕਾ ਅਗਲੀ ਸਪੋਰਟਸ ਬਾਇਓਪਿਕ ਫਿਲਮ 'ਛਕੜਾ ਐਕਸਪ੍ਰੈਸ' ਵਿੱਚ ਨਜ਼ਰ ਆਵੇਗੀ ਜੋ ਸਾਬਕਾ ਭਾਰਤੀ ਕ੍ਰਿਕਟਰ ਝੂਲਨ ਗੋਸਵਾਮੀ ਦੇ ਜੀਵਨ 'ਤੇ ਆਧਾਰਿਤ ਹੈ।

# ਗਿੱਪੀ ਗਰੇਵਾਲ ਦੀ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦੀ ਸ਼ੂਟਿੰਗ ਸ਼ੁਰੂ



ਚੰਡੀਗੜ੍ਹ-ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਦੀ ਆਪਣੇ ਪੁੱਤਰ ਸ਼ਿੰਦੇ ਨਾਲ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਪੰਜਾਬੀ ਫਿਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦੀ ਸ਼ੂਟਿੰਗ ਚੰਡੀਗੜ੍ਹ ਵਿਚ ਸ਼ੁਰੂ ਹੋ ਗਈ ਹੈ। ਇਸ ਫਿਲਮ ਦਾ ਨਿਰਮਾਣ ਗਿੱਪੀ ਗਰੇਵਾਲ ਦੀ ਕੰਪਨੀ ਹੰਬਲ ਮੋਸ਼ਨ ਪਿਕਚਰਜ਼ ਅਤੇ ਸਾਰੇਗਾਮਾ ਇੰਡੀਆ ਲਿਮਟਿਡ ਵਲੋਂ ਕੀਤਾ ਜਾਵੇਗਾ। ਇਸ ਫਿਲਮ ਲਈ ਯੂਡਲੀ ਫਿਲਮਜ਼ ਨੇ ਸਹਿਯੋਗ ਦਿੱਤਾ ਹੈ। 'ਸ਼ਿੰਦਾ ਸ਼ਿੰਦਾ ਨੋ ਪਾਪਾ' ਦਿਲ ਨੂੰ ਛੂਹਣ ਵਾਲੀ ਪਰਿਵਾਰਕ ਕਾਮੇਡੀ ਹੈ, ਜਿਸ ਦਾ ਨਿਰਦੇਸ਼ਨ ਅਮਰਪ੍ਰੀਤ ਜੀਐੱਸ ਛਾਬੜਾ ਵਲੋਂ ਕੀਤਾ ਗਿਆ ਹੈ। ਇਹ ਫਿਲਮ ਹਾਸੇ-ਮਜ਼ਾਕ ਨਾਲ ਭਰਪੂਰ ਹੈ ਜੋ ਤੇਜ਼ੀ ਨਾਲ ਬਦਲ ਰਹੇ ਆਧੁਨਿਕ ਯੁਗ ਵਿੱਚ ਬੱਚਿਆਂ ਦੇ ਪਾਲਣ-ਪੋਸ਼ਣ ਦੀਆਂ ਚੁਣੌਤੀਆਂ ਨੂੰ ਉਜਾਗਰ ਕਰਦੀ ਹੈ। ਸਾਰੇਗਾਮਾ ਇੰਡੀਆ ਲਿਮਟਿਡ ਤੇ ਮੀਤ ਪ੍ਰਧਾਨ ਸਿਧਾਰਥ ਆਨੰਦ ਕੁਮਾਰ ਨੇ ਕਿਹਾ, 'ਪੰਜਾਬੀ ਸਿਨੇਮਾ ਦਾ ਮੁੜ ਉਭਾਰ ਹੋ ਰਿਹਾ ਹੈ ਤੇ 'ਕੈਰੀ ਆਨ ਜੱਟਾ 3' ਬਾਕਸ ਆਫਿਸ 'ਤੇ ਹਿੱਟ ਹੋਈ ਹੈ। ਹੁਣ ਨਿਰਮਾਤਾ ਅਤੇ ਨਿਰਦੇਸ਼ਕ ਚੰਗੀਆਂ ਕਹਾਣੀਆਂ ਅਤੇ ਸਬੰਧਤ ਵਿਸ਼ਿਆਂ 'ਤੇ ਜ਼ੋਰ ਦੇ ਰਹੇ ਹਨ। 'ਸ਼ਿੰਦਾ ਸ਼ਿੰਦਾ ਨੋ ਪਾਪਾ' ਆਧੁਨਿਕ ਸਮਾਜ ਵਿੱਚ ਬੱਚਿਆਂ ਦੇ ਪਾਲਣ ਪੋਸ਼ਣ ਦੀ ਕਹਾਣੀ ਹੈ, ਜਿੱਥੇ ਪਿਛਲੀ ਪੀੜ੍ਹੀ ਦੇ ਨਿਯਮ ਲਾਗੂ ਨਹੀਂ ਹੁੰਦੇ। ਜ਼ਿਕਰਯੋਗ ਹੈ ਕਿ 'ਹੌਸਲਾ ਰੱਖ' 'ਚ ਸ਼ਿੰਦਾ ਨੇ ਵਧੀਆ ਕੰਮ ਕੀਤਾ ਸੀ ਅਤੇ ਦਰਸ਼ਕ ਇਸ ਫਿਲਮ 'ਚ ਗਿੱਪੀ ਅਤੇ ਸ਼ਿੰਦਾ ਨੂੰ ਇਕੱਠੇ ਦੇਖ ਕੇ ਖੁਸ਼ ਹੋਣਗੇ। ਗਿੱਪੀ ਗਰੇਵਾਲ ਨੇ ਕਿਹਾ, 'ਇਹ ਫਿਲਮ ਮੇਰੇ ਦਿਲ ਦੇ ਬਹੁਤ ਨੇੜੇ ਹੈ। ਮੈਂ ਪੰਜਾਬੀ ਸਿਨੇਮਾ ਵਿੱਚ ਵਧ ਰਹੀ ਦਿਲਚਸਪੀ ਤੋਂ ਖੁਸ਼ ਹਾਂ।' ਇਸ ਫਿਲਮ ਦੇ ਲੇਖਕ ਨਰੇਸ਼ ਕਥੂਰੀਆ ਹਨ ਅਤੇ ਇਸ ਵਿੱਚ ਅਦਾਕਾਰਾ ਹਿਨਾ ਖਾਨ ਹੈ ਜੋ ਪੰਜਾਬੀ ਸਿਨੇਮਾ ਵਿੱਚ ਆਪਣੀ ਸ਼ੁਰੂਆਤ ਕਰੇਗੀ। ਇਸ ਦੀ ਸ਼ੂਟਿੰਗ ਪੰਜਾਬ ਅਤੇ ਕੈਨੇਡਾ ਵਿੱਚ ਹੋਵੇਗੀ ਅਤੇ ਇਹ ਫਿਲਮ ਅਗਲੇ ਸਾਲ ਰਿਲੀਜ਼ ਹੋਵੇਗੀ।

# ਆਲੀਆ ਤੇ ਰਣਵੀਰ ਦੀ ਫ਼ਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਦਾ ਟਰੇਲਰ ਰਿਲੀਜ਼

ਮੁੰਬਈ-ਬੌਲੀਵੁੱਡ ਅਦਾਕਾਰ ਰਣਵੀਰ ਸਿੰਘ ਤੇ ਆਲੀਆ ਭੱਟ ਦੀ ਫ਼ਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਦਾ ਆਖ਼ਰ ਟਰੇਲਰ ਰਿਲੀਜ਼ ਹੋ ਗਿਆ ਹੈ। ਇਸ ਫ਼ਿਲਮ ਜ਼ਰੀਏ ਨਿਰਦੇਸ਼ਕ ਕਰਨ ਜੌਹਰ ਸੱਤ ਸਾਲਾਂ ਦੇ ਲੰਬੇ ਅਰਸੇ ਬਾਅਦ ਬਤੌਰ ਨਿਰਦੇਸ਼ਕ ਵਾਪਸੀ ਕਰ ਰਿਹਾ ਹੈ। ਇਹ ਫਿਲਮ 28 ਜੁਲਾਈ ਨੂੰ ਰਿਲੀਜ਼ ਹੋਵੇਗੀ। ਰਣਵੀਰ ਸਿੰਘ ਨੇ ਇੰਸਟਾਗਰਾਮ 'ਤੇ ਫਿਲਮ ਦਾ ਟਰੇਲਰ ਸਾਂਝਾ ਕਰਦਿਆਂ ਕਿਹਾ ਕਿ ਇਹ ਫਿਲਮ ਰੋਮਾਂਟਿਕ ਤੇ ਕਾਮੇਡੀ ਭਰਪੂਰ ਹੈ। ਇਸ ਫਿਲਮ ਦੇ ਟਰੇਲਰ ਵਿੱਚ ਰੌਕੀ ਰੰਧਾਵਾ ਅਤੇ ਰਾਨੀ ਚੈਟਰਜੀ ਦੀ ਜ਼ਿੰਦਗੀ ਤੇ ਉਨ੍ਹਾਂ ਦੇ ਪਰਿਵਾਰ ਬਾਰੇ ਦੱਸਿਆ ਗਿਆ ਹੈ ਜਿਨ੍ਹਾਂ ਦਾ ਜੀਵਨ ਪੱਧਰ ਇੱਕ-ਦੂਜੇ ਤੋਂ ਬਿਲਕੁਲ ਉਲਟ ਹੈ।




ਰੌਕੀ ਅਮੀਰ ਪੰਜਾਬੀ ਪਰਿਵਾਰ ਦਾ ਮੁੰਡਾ ਹੈ ਜਦਕਿ ਰਾਨੀ ਬੰਗਾਲੀ ਘਰਾਣੇ ਨਾਲ ਸਬੰਧਤ ਹੈ ਜਿਨ੍ਹਾਂ ਲਈ ਪੈਸੇ ਨਾਲੋਂ ਗਿਆਨ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਹੈ। ਪਿਆਰ ਹੋਣ ਤੋਂ ਬਾਅਦ ਰਣਵੀਰ ਤੇ ਆਲੀਆ ਨੂੰ ਜਲਦੀ ਹੀ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੇ ਪਰਿਵਾਰ ਇੱਕ-ਦੂਜੇ ਨੂੰ ਪਸੰਦ ਨਹੀਂ ਕਰਦੇ। ਫਿਰ ਰੌਕੀ ਅਤੇ ਰਾਨੀ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਲਈ ਇੱਕ ਦੂਜੇ ਦੇ ਪਰਿਵਾਰ ਨਾਲ ਤਿੰਨ-ਤਿੰਨ ਮਹੀਨੇ ਰਹਿਣ ਦਾ ਫੈਸਲਾ ਕਰਦੇ ਹਨ ਜਿਸ ਵਿੱਚ ਉਨ੍ਹਾਂ ਵਿਚ ਖਾਸੀ ਨੋਕ-ਝੋਕ ਹੁੰਦੀ ਹੈ। ਇਸ ਫਿਲਮ ਵਿੱਚ ਰਣਵੀਰ ਸਿੰਘ, ਆਲੀਆ ਭੱਟ ਤੋਂ ਇਲਾਵਾ ਧਰਮਿੰਦਰ, ਜਯਾ ਬੱਚਨ ਅਤੇ ਸ਼ਬਾਨਾ ਆਜ਼ਮੀ ਮੁੱਖ ਭੂਮਿਕਾਵਾਂ ਵਿੱਚ ਹਨ।




Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਵੱਡੇ ਅਮੀਰਾਂ ਨੇ ਬਾਕੀ ਸਭ ਕੀਤੇ ਗ਼ਰੀਬ

**ਔਨਿੰਦਓ ਚੱਕਰਵਰਤੀ**

ਭਾਰਤ ਦੇ 70 ਲੱਖ ਸਭ ਤੋਂ ਵੱਡੇ ਅਮੀਰ ਲੋਕਾਂ ਦੀ ਆਮਦਨ ਦੇਸ਼ ਦੇ ਸਭ ਤੋਂ ਵੱਧ ਗ਼ਰੀਬ 80 ਕਰੋੜ ਲੋਕਾਂ ਦੇ ਬਰਾਬਰ ਹੈ। ਦੂਜੇ ਲਫ਼ਜ਼ਾਂ ਵਿਚ ਆਖੀਏ ਤਾਂ ਸਿਖਰਲੇ ਅੱਧਾ ਫ਼ੀਸਦੀ (0.5 ਫ਼ੀਸਦੀ) ਅਮੀਰਾਂ ਦੀ ਆਮਦਨ ਉਂਨੀ ਹੀ ਹੈ, ਜਿੰਨੀ ਦੇਸ਼ ਦੇ ਹੇਠਲੇ 57 ਫ਼ੀਸਦੀ (ਅੱਧਿਉਂ ਵੱਧ) ਗ਼ਰੀਬ ਲੋਕਾਂ ਦੀ ਕੁੱਲ ਕਮਾਈ ਹੈ। ਇਨ੍ਹਾਂ ਅੰਕੜਿਆਂ ਉਤੇ ਮਾੜਾ-ਮੋਟਾ ਵਿਵਾਦ ਹੋ ਸਕਦਾ ਹੈ। ਮੈਂ ਇਨ੍ਹਾਂ ਨੂੰ ਆਲਮੀ ਨਾਬਰਾਬਰੀ ਲੈਬ (World Inequality Lab) ਦੇ ਨਾਬਰਾਬਰੀ ਸਬੰਧੀ ਨਾਮੀ ਅਰਥਸ਼ਾਸਤਰੀ ਥੌਮਸ ਪਿਕੇਟੀ (Thomas Piketty) ਅਤੇ ਉਨ੍ਹਾਂ ਦੇ ਸਹਿਕਰਮੀਆਂ ਦੇ ਅੰਦਾਜ਼ਿਆਂ ਦੇ ਆਧਾਰ 'ਤੇ ਪੇਸ਼ ਕੀਤਾ ਹੈ। ਪਰ ਜਿਸ ਗੱਲ ਉਤੇ ਕੋਈ ਵਿਵਾਦ ਨਹੀਂ ਹੋ ਸਕਦਾ ਉਹ ਇਹ ਹੈ ਕਿ ਭਾਰਤ ਸਿਰੇ ਦਾ ਨਾਬਰਾਬਰੀ ਵਾਲਾ ਮੁਲਕ ਹੈ।

ਉਂਝ ਨਾਬਰਾਬਰੀ ਇਕ ਤੁਲਨਾਤਮਕ ਸ਼ਬਦ ਹੈ। ਇਸ ਸਭ ਕਾਸੇ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਨ ਲਈ ਆਉ ਕਿਸੇ ਖ਼ਿਆਲੀ ਪਿੰਡ ਬਾਰੇ ਸੋਚਦੇ ਹਾਂ, ਜਿਸ ਵਿਚ ਇਕ ਹਜ਼ਾਰ ਲੋਕ ਰਹਿੰਦੇ ਹਨ। ਅਸੀਂ ਇਹ ਮੰਨਦੇ ਹਾਂ ਕਿ ਇਸ ਪਿੰਡ ਦੇ ਸਾਰੇ ਇਕ ਹਜ਼ਾਰ ਵਾਸ਼ਿੰਦੇ ਬਾਲਗ ਹਨ ਅਤੇ ਕੁਝ ਨਾ ਕੁਝ ਕਮਾਈ ਕਰਦੇ ਹਨ। ਪਿੰਡ ਵਿਚ ਪੰਜ ਬਹੁਤ ਅਮੀਰ ਕਿਸਾਨ ਹਨ, ਜਿਨ੍ਹਾਂ ਵਿਚੋਂ ਹਰੇਕ ਸਾਲਾਨਾ 25 ਲੱਖ ਰੁਪਏ ਕਮਾਉਂਦਾ ਹੈ। ਦੂਜੇ ਪਾਸੇ 570 ਗ਼ਰੀਬ ਕਿਸਾਨ ਸਾਲਾਨਾ ਮਹਿਜ਼ 22000 ਰੁਪਏ ਕਮਾਉਂਦੇ ਹਨ। ਅਮੀਰ ਕਿਸਾਨਾਂ ਦੀ ਕੁੱਲ ਆਮਦਨ 1.25 ਕਰੋੜ ਰੁਪਏ ਬਣਦੀ ਹੈ, ਜਿੰਨੀ ਕਿ ਸਭ ਤੋਂ ਗ਼ਰੀਬ 570 ਕਿਸਾਨਾਂ ਦੀ ਵੀ ਸਾਲਾਨਾ ਆਮਦਨ ਹੈ। ਇਹ ਬਿਲਕੁਲ ਉਸ ਅਨੁਪਾਤ ਨੂੰ ਦਰਸਾਉਂਦਾ ਹੈ, ਜਿਸ ਨਾਲ ਮੈਂ ਇਸ ਲੇਖ ਦੀ ਸ਼ੁਰੂਆਤ ਕੀਤੀ ਹੈ - ਭਾਵ ਸਿਖਰਲੇ 0.5 ਫ਼ੀਸਦੀ ਉਂਨੀ ਹੀ ਕਮਾਈ ਕਰ ਰਹੇ ਹਨ, ਜਿੰਨੀ ਹੇਠਲੇ 57 ਫ਼ੀਸਦੀ ਕਰਦੇ ਹਨ।

ਅਸੀਂ ਇਹ ਵੀ ਫ਼ਰਜ਼ ਕਰ ਲੈਂਦੇ ਹਾਂ ਕਿ ਇਹ ਪਿੰਡ ਕਿਸੇ ਵੱਡੇ ਸ਼ਹਿਰ ਦੇ ਕਰੀਬ ਹੈ। ਇਸ ਸ਼ਹਿਰ ਦੇ ਸਭ ਤੋਂ ਵੱਧ ਅਮੀਰ ਦਸ ਫ਼ੀਸਦੀ ਲੋਕਾਂ ਦੀ ਔਸਤ ਸਾਲਾਨਾ ਆਮਦਨ ਇਕ ਕਰੋੜ ਰੁਪਏ ਹੈ। ਇਸ ਤਰ੍ਹਾਂ ਜਦੋਂ ਸ਼ਹਿਰ ਦੇ ਇਨ੍ਹਾਂ ਵੱਡੇ ਅਮੀਰਾਂ ਨਾਲ ਤੁਲਨਾ ਕੀਤੀ ਜਾਂਦੀ ਹੈ, ਤਾਂ ਪਿੰਡ ਦੇ ਵੱਡੇ ਅਮੀਰ ਕਿਸਾਨਾਂ ਦੀ ਆਮਦਨ ਬੜੀ ਘੱਟ ਬਣਦੀ ਹੈ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਪਿੰਡ ਵਿਚ ਸਿਰੇ ਦੀ ਨਾਬਰਾਬਰੀ ਦੇ ਬਾਵਜੂਦ ਪਿੰਡ ਵਿਚਲੇ ਸਭ ਤੋਂ ਵੱਧ ਅਮੀਰ ਦੂਜੇ ਪਾਸੇ ਸ਼ਹਿਰ ਦੇ ਸਭ ਤੋਂ ਵੱਧ ਅਮੀਰਾਂ ਦੇ ਨੇੜੇ-ਤੇੜੇ ਵੀ ਨਹੀਂ ਢੁੱਕਦੇ।

ਇਸ ਤੋਂ ਬਾਅਦ ਜਦੋਂ ਅਸੀਂ ਭਾਰਤ ਦੇ ਸਭ ਤੋਂ ਵੱਡੇ ਅਮੀਰਾਂ ਦੀ ਤੁਲਨਾ ਵਿਕਸਿਤ ਸਰਮਾਏਦਾਰ ਮੁਲਕਾਂ ਦੇ ਸਭ ਤੋਂ ਵੱਡੇ ਅਮੀਰਾਂ ਨਾਲ ਕਰਦੇ ਹਾਂ ਤਾਂ ਭਾਰਤ ਵਾਲੇ ਅਮੀਰ ਕਿਥੇ ਕੁ ਖੜ੍ਹਦੇ ਹਨ? ਇਸ ਲਈ ਅਸੀਂ ਮਹਿਜ਼ ਉਨ੍ਹਾਂ ਦੀ ਔਸਤ ਆਮਦਨ ਨੂੰ ਡਾਲਰਾਂ ਵਿਚ ਬਦਲ ਕੇ ਉਨ੍ਹਾਂ ਨਾਲ ਮੁਕਾਬਲਾ ਕਰ ਸਕਦੇ ਹਾਂ। ਉਂਝ, ਇਹ ਗ਼ਲਤ ਤੇ ਨਾਵਾਜਬ ਤੁਲਨਾ ਹੋਵੇਗੀ। ਇਕ ਅਮਰੀਕੀ ਡਾਲਰ ਨਾਲ ਦੁਨੀਆਂ ਭਰ ਵਿਚ ਹਰ ਥਾਈਂ ਉਂਨੀ ਹੀ ਚੀਜ਼ ਨਹੀਂ ਖ਼ਰੀਦੀ ਜਾ ਸਕਦੀ। ਇਸ ਪੱਖੋਂ ਵਾਜਬ ਮੁਕਾਬਲਾ ਕਰਨ ਲਈ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਇਹ ਪਤਾ ਲਾਈਏ ਕਿ ਅਮਰੀਕਾ ਵਿਚ ਇਕ ਡਾਲਰ ਨਾਲ ਜਿੰਨੀ ਚੀਜ਼ ਖ਼ਰੀਦੀ ਜਾ ਸਕਦੀ ਹੈ, ਉਸ ਦਾ ਸਥਾਨਕ ਕਰੰਸੀ ਵਿਚ ਕਿੰਨਾ ਮੁੱਲ ਹੋਵੇਗਾ। ਇਸ ਨੂੰ ਖ਼ਰੀਦ ਸ਼ਕਤੀ ਬਰਾਬਰੀ (purchasing power parity – ਪੀਪੀਪੀ) ਕਹਿੰਦੇ ਹਨ।

ਆਰਥਿਕ ਸਹਿਯੋਗ ਤੇ ਵਿਕਾਸ ਸੰਸਥਾ (Organisation for Economic Cooperation and Development – ਓਈਸੀਡੀ) ਦਾ ਕਹਿਣਾ ਹੈ ਕਿ ਅਮਰੀਕਾ ਵਿਚ ਇਕ ਡਾਲਰ ਨਾਲ ਜਿੰਨੀ ਚੀਜ਼ ਖ਼ਰੀਦੀ ਜਾ ਸਕਦੀ ਹੈ, ਉਸ ਦੀ ਇਸ ਵੇਲੇ ਭਾਰਤ ਵਿਚ ਲਾਗਤ ਮਹਿਜ਼ 24 ਰੁਪਏ ਹੈ। ਦੂਜੇ ਲਫ਼ਜ਼ਾਂ 'ਚ ਬੈਂਕ ਵਿਚ ਤੁਹਾਨੂੰ ਇਕ ਡਾਲਰ ਖ਼ਰੀਦਣ ਲਈ ਭਾਵੇਂ 82 ਰੁਪਏ ਅਦਾ ਕਰਨੇ ਪੈਣਗੇ, ਪਰ ਪੀਪੀਪੀ ਮੁਤਾਬਕ ਦੇਖਿਆ ਜਾਵੇ ਤਾਂ ਇਕ ਡਾਲਰ ਦੀ ਕੀਮਤ ਮਹਿਜ਼ 24 ਰੁਪਏ ਹੈ। ਦੂਜੇ ਪਾਸਿਉਂ ਦੇਖਿਆ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਜੇ ਕੋਈ ਬੰਦਾ ਅਮਰੀਕਾ ਵਿਚ ਮਹੀਨੇ 'ਚ 30 ਹਜ਼ਾਰ ਡਾਲਰ ਦੀ ਕਮਾਈ ਕਰਦਾ ਹੈ, ਤਾਂ ਉਹ ਉਥੇ ਕੁੱਲ ਮਿਲਾ ਕੇ ਉਂਨਾ ਕੁ ਸਾਮਾਨ ਖ਼ਰੀਦ ਸਕੇਗਾ ਜਿੰਨਾ ਭਾਰਤ ਵਿਚ ਕੋਈ 7.20 ਲੱਖ ਰੁਪਏ ਮਹੀਨਾ ਕਮਾਉਣ ਵਾਲਾ ਖ਼ਰੀਦ ਸਕਦਾ ਹੈ।

ਮੈਂ ਇਹ ਅੰਕੜੇ ਜਾਣ-ਬੁੱਝ ਕੇ ਚੁਣੇ ਹਨ। ਅਮਰੀਕਾ ਦੇ ਸਭ ਤੋਂ ਅਮੀਰ 10 ਫ਼ੀਸਦੀ ਬਾਲਗ਼ ਪੀਪੀਪੀ ਪੱਖੋਂ ਮਹੀਨੇ ਦੀ ਅੰਦਾਜ਼ਨ 30 ਹਜ਼ਾਰ ਡਾਲਰ ਦੀ ਕਮਾਈ ਕਰਦੇ ਹਨ। ਇਹ ਬਿਲਕੁਲ ਉਹੋ ਰਕਮ ਹੈ, ਜਿੰਨੀ ਪੀਪੀਪੀ ਦੇ ਪੱਖ ਤੋਂ ਭਾਰਤ ਦੇ 0.5 ਫ਼ੀਸਦੀ ਵੱਡੇ ਅਮੀਰ ਕਮਾਈ ਕਰਦੇ ਹਨ। ਇਸ ਤਰ੍ਹਾਂ ਖ਼ਰੀਦ ਸ਼ਕਤੀ ਬਰਾਬਰੀ ਦੇ ਪੱਖ ਤੋਂ ਭਾਰਤ ਦੇ ਅੱਧਾ ਫ਼ੀਸਦੀ ਸਿਖਰਲੇ ਅਮੀਰ ਉਂਨੇ ਹੀ ਅਮੀਰ ਹਨ, ਜਿੰਨੇ ਕਿ ਦੁਨੀਆਂ ਦੇ ਸਭ ਤੋਂ ਵੱਡੇ ਅਰਥਚਾਰੇ ਭਾਵ ਅਮਰੀਕਾ ਦੇ 10 ਫ਼ੀਸਦੀ ਸਿਖਰਲੇ ਅਮੀਰ ਹਨ। ਇਸ ਦੀ ਤੁਲਨਾ ਸਾਡੇ ਖ਼ਿਆਲੀ ਪਿੰਡ ਅਤੇ ਵੱਡੇ ਸ਼ਹਿਰ ਨਾਲ ਕੀਤੀ ਜਾ ਸਕਦੀ ਹੈ। ਇਸ ਮਾਮਲੇ ਵਿਚ, ਪਿੰਡ ਦੇ ਸਭ ਤੋਂ ਅਮੀਰ ਅੱਧਾ ਫ਼ੀਸਦੀ ਲੋਕਾਂ ਦੀ ਆਮਦਨ ਸ਼ਹਿਰ ਵਿਚ ਰਹਿ ਰਹੇ 10 ਫ਼ੀਸਦੀ ਸਭ ਤੋਂ ਵੱਧ ਅਮੀਰ



ਲੋਕਾਂ ਦੀ ਆਮਦਨ ਦੇ ਇਕ ਅੰਸ਼ ਜਿੰਨੀ ਹੀ ਸੀ।

ਜੇ ਅਸੀਂ ਆਮਦਨ ਦੇ ਇਸੇ ਚੌਖਟੇ ਨੂੰ ਲੈਂਦੇ ਹਾਂ, ਤਾਂ ਬਰਤਾਨੀਆ ਤੇ ਜਰਮਨੀ ਦੀ 4 ਫ਼ੀਸਦੀ ਬਾਲਗ਼ ਆਬਾਦੀ ਸਾਂਝੇ ਤੌਰ 'ਤੇ ਇਸ ਸਭ ਤੋਂ ਵੱਡੇ ਅਮੀਰਾਂ ਵਾਲੇ ਵਰਗ ਵਿਚ ਆਉਂਦੀ ਹੈ। ਸੰਪੂਰਨ ਸੰਖਿਆ ਵਜੋਂ ਦੇਖਿਆ ਜਾਵੇ ਤਾਂ ਭਾਰਤ ਵਿਚ ਕਰੀਬ 50 ਲੱਖ ਬਾਲਗ਼ ਅਜਿਹੇ ਹਨ, ਜਿਹੜੇ ਮਾਸਕ 30 ਹਜ਼ਾਰ ਡਾਲਰ (ਪੀਪੀਪੀ) ਦੀ ਕਮਾਈ ਕਰਦੇ ਹਨ ਅਤੇ ਇਹ ਗਿਣਤੀ ਬਰਤਾਨੀਆ ਤੇ ਜਰਮਨੀ ਦੇ ਸਾਂਝੇ ਤੌਰ 'ਤੇ ਅਜਿਹੇ ਇੰਨੇ ਹੀ ਬਾਲਗ਼ਾਂ ਦੇ ਬਰਾਬਰ ਬਣਦੀ ਹੈ। ਇਸ ਦਾ ਅਰਥ ਇਹ ਨਿਕਲਦਾ ਹੈ ਕਿ ਸਾਡੇ ਕੋਲ ਉਂਨੇ ਹੀ ਵੱਡੇ ਅਮੀਰ ਹਨ, ਜਿੰਨੇ ਯੂਰਪ ਦੇ ਦੋ ਵੱਡੇ ਅਰਥਚਾਰਿਆਂ ਕੋਲ ਮਿਲਾ ਕੇ ਹਨ। ਜੇ ਅਸੀਂ ਇਨ੍ਹਾਂ ਬਾਲਗ਼ਾਂ ਉਤੇ ਨਿਰਭਰ ਬੱਚਿਆਂ ਦੀ ਗਿਣਤੀ ਨੂੰ ਵੀ ਮਿਲਾ ਲਈਏ ਤਾਂ ਕਹਿ ਸਕਦੇ ਹਾਂ ਕਿ ਕਰੀਬ 70 ਲੱਖ ਭਾਰਤੀ ਉਂਨੀ ਹੀ ਕਮਾਈ ਕਰਦੇ ਹਨ, ਜਿੰਨੀ ਕਮਾਈ ਵਿਕਸਤ ਸੰਸਾਰ ਦੇ ਸਭ ਤੋਂ ਵੱਡੇ ਅਮੀਰਾਂ ਨੂੰ ਹੁੰਦੀ ਹੈ।

ਦੂਜੇ ਪਾਸੇ ਭਾਰਤ ਦੇ ਸਭ ਤੋਂ ਗ਼ਰੀਬ ਲੋਕਾਂ ਬਾਰੇ ਕੀ ਆਖਿਆ ਜਾਵੇ? ਜੇ ਉਨ੍ਹਾਂ ਦੀ ਸੰਸਾਰ ਦੇ ਸਭ ਤੋਂ ਗ਼ਰੀਬ ਲੋਕਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਕਿਝ ਰਹੇਗਾ? ਮੈਂ ਇਸ ਮਾਮਲੇ ਵਿਚ ਸੰਸਾਰ ਦੇ ਪੰਜ ਸਭ ਤੋਂ ਗ਼ਰੀਬ ਮੁਲਕਾਂ ਵੱਲ ਦੇਖਦਾ ਹਾਂ - ਜਿਨ੍ਹਾਂ ਵਿਚੋਂ ਬੁਰੂੰਡੀ ਨੂੰ ਦੁਨੀਆਂ ਦਾ ਸਭ ਤੋਂ ਵੱਧ ਗ਼ਰੀਬ ਭਾਵ ਸਿਰੇ ਦਾ ਗ਼ਰੀਬ ਮੁਲਕ ਮੰਨਿਆ ਜਾਂਦਾ ਹੈ ਅਤੇ ਦੂਜਾ ਹੈ ਮੈਡਗਾਸਕਰ, ਜਿਹੜਾ ਦੁਨੀਆਂ ਦਾ ਚੌਥਾ ਸਭ ਤੋਂ ਗ਼ਰੀਬ ਦੇਸ਼ ਹੈ (ਦੋਵੇਂ ਅਫ਼ਰੀਕੀ ਮੁਲਕ)। ਮੈਂ ਡੇਟਾ ਪੱਖੋਂ ਸੀਮਾਵਾਂ ਕਾਰਨ ਇਨ੍ਹਾਂ ਦੋਵਾਂ ਦੀ ਚੋਣ ਕੀਤੀ ਹੈ। ਮੈਂ ਜਿੰਨਾ ਵੀ ਡੇਟਾ ਇਸਤੇਮਾਲ ਕੀਤਾ ਹੈ, ਉਹ ਸਾਰਾ ਆਲਮੀ ਨਾਬਰਾਬਰੀ ਡੇਟਾਬੇਸ (World Inequality Database) ਤੋਂ ਲਿਆ ਗਿਆ ਹੈ। ਮੈਨੂੰ ਭਾਰਤ ਵਿਚ ਸਭ ਤੋਂ ਗ਼ਰੀਬ ਲੋਕਾਂ ਦੀ ਆਬਾਦੀ ਦੇ ਵੱਖ-ਵੱਖ ਹਿੱਸਿਆਂ ਦੀ ਔਸਤ ਆਮਦਨ ਦੀ ਤੁਲਨਾ ਕਰਨੀ ਪਈ ਅਤੇ ਫਿਰ ਉਨ੍ਹਾਂ ਗ਼ਰੀਬ ਮੁਲਕਾਂ ਨੂੰ ਤਲਾਸ਼ਣਾ ਪਿਆ, ਜਿਹੜੇ ਪੀਪੀਪੀ ਡਾਲਰ ਕਮਾਈ ਦੇ ਪੱਖੋਂ ਇਨ੍ਹਾਂ ਭਾਰਤੀ ਆਬਾਦੀਆਂ ਦੇ ਸਭ ਤੋਂ ਕਰੀਬ ਹਨ। ਬੁਰੂੰਡੀ ਅਤੇ ਮੈਡਗਾਸਕਰ ਦੀ ਔਸਤ ਆਮਦਨ ਕੁੱਲ ਮਿਲਾ ਕੇ ਭਾਰਤ ਦੇ ਆਬਾਦੀ ਦੇ ਦੋ ਹਿੱਸਿਆਂ ਦੀ ਔਸਤ ਆਮਦਨ ਨਾਲ ਮੇਲ ਖਾਂਦੀ ਹੈ।

ਬੁਰੂੰਡੀ ਵਿਚ 2022 ਵਿਚ ਔਸਤ ਆਮਦਨ ਕਰੀਬ 1750 ਡਾਲਰ (ਪੀਪੀਪੀ) ਸੀ। ਭਾਰਤ ਵਿਚ ਹੇਠਲੇ 42 ਫ਼ੀਸਦੀ ਲੋਕਾਂ ਦੀ ਆਮਦਨ ਇਸ ਤੋਂ ਵੀ ਘੱਟ ਭਾਵ 1720 ਡਾਲਰ (ਪੀਪੀਪੀ) ਸੀ। ਮੈਡਗਾਸਕਰ ਦੀ ਵੀ ਉਸੇ ਸਾਲ ਦੌਰਾਨ ਔਸਤ ਆਮਦਨ ਕਰੀਬ 3065 ਡਾਲਰ (ਪੀਪੀਪੀ) ਸੀ। ਦੂਜੇ ਪਾਸੇ ਭਾਰਤ ਵਿਚ ਸਭ ਤੋਂ ਹੇਠਲੇ 52 ਫ਼ੀਸਦੀ ਬਾਲਗ਼ਾਂ ਨੇ ਇਸ ਤੋਂ ਵੀ ਘੱਟ ਕਮਾਈ ਕੀਤੀ - ਭਾਵ ਕਰੀਬ 3060 ਡਾਲਰ (ਪੀਪੀਪੀ)। ਇਸ ਦਾ ਮਤਲਬ ਹੈ ਕਿ ਕੁੱਲ ਮਿਲਾ ਕੇ 58 ਕਰੋੜ ਭਾਰਤੀ (ਇਨ੍ਹਾਂ ਬਾਲਗ਼ਾਂ ਉਤੇ ਨਿਰਭਰ ਬੱਚਿਆਂ ਨੂੰ ਵੀ ਮਿਲਾ ਕੇ) ਉਂਨੇ ਹੀ ਗ਼ਰੀਬ ਹਨ, ਜਿੰਨੇ ਸੰਸਾਰ ਦੇ ਸਭ ਤੋਂ ਵੱਧ ਗ਼ਰੀਬ

ਮੁਲਕ ਬੁਰੂੰਡੀ ਦੇ ਔਸਤ ਵਾਸ਼ਿੰਦੇ ਹਨ। ਜੇ ਆਮਦਨ ਦਾ ਚੌਖਟਾ ਮੋਕਲਾ ਕਰ ਕੇ ਮੈਡਗਾਸਕਰ ਦੇ ਔਸਤ ਪੱਧਰ ਤੱਕ ਲਿਆਂਦਾ ਜਾਂਦਾ ਹੈ, ਤਾਂ 73 ਕਰੋੜ ਭਾਰਤੀ ਇਸ ਤੋਂ ਹੇਠਾਂ ਰਹਿ ਜਾਂਦੇ ਹਨ।

ਹੁਣ ਇਨ੍ਹਾਂ ਦੋਵਾਂ ਅੰਕੜਿਆਂ ਨੂੰ ਮਿਲਾ ਕੇ ਦੇਖੋ। ਇਕ ਪਾਸੇ 70 ਲੱਖ ਭਾਰਤੀ, ਪਹਿਲੀ ਦੁਨੀਆਂ ਦੇ ਸਭ ਤੋਂ ਵੱਧ ਅਮੀਰ ਲੋਕਾਂ ਜਿੰਨੇ ਹੀ ਅਮੀਰ ਹਨ, ਜਦੋਂਕਿ ਦੂਜੇ ਪਾਸੇ 70 ਕਰੋੜ ਤੋਂ ਵੱਧ ਭਾਰਤੀ ਤੀਜੀ ਦੁਨੀਆਂ ਦੇ ਸਭ ਤੋਂ ਵੱਧ ਗ਼ਰੀਬ ਲੋਕਾਂ ਤੋਂ ਵੀ ਵੱਧ ਗ਼ਰੀਬ ਹਨ। ਇਹ ਮਹਿਜ਼ ਅੰਦਰੂਨੀ ਆਮਦਨ ਨਾਬਰਾਬਰੀ ਦਾ ਮੁੱਦਾ ਨਹੀਂ ਹੈ। ਸਗੋਂ ਆਰਥਿਕ ਵਿਕਾਸ ਦੇ ਪੱਧਰ ਵੱਲ ਧਿਆਨ ਦਿੱਤੇ ਬਿਨਾਂ ਜੇ ਸੰਸਾਰ ਵਿਚ ਅਮੀਰ ਅਤੇ ਗ਼ਰੀਬ ਦੇ ਸੰਪੂਰਨ ਫ਼ਰਕ ਦੀ ਤੁਲਨਾ ਕਰਦੇ ਹਾਂ ਤਾਂ ਸਾਡੀ ਨਾਬਰਾਬਰੀ ਬਹੁਤ ਜ਼ਿਆਦਾ ਭਿਆਨਕ ਹੈ।

ਭਾਰਤ ਨੇ ਉਦਾਰੀਕਰਨ, ਨਿਜੀਕਰਨ ਅਤੇ ਵਿਸ਼ਵੀਕਰਨ (liberalisation, privatisation and globalisation - ਐਲਪੀਜੀ) ਦੇ ਬੀਤੇ ਤਿੰਨ ਦਹਾਕਿਆਂ ਦੌਰਾਨ ਬਸ ਇਹੋ ਕੁਝ ਖੱਟਿਆ ਹੈ। ਸਾਨੂੰ ਸਾਡੇ ਬਸਤੀਵਾਦੀ ਹਾਕਮਾਂ ਨੇ ਦੋ ਸਦੀਆਂ ਤੱਕ ਦੇਸ਼ ਦੀ ਕੀਤੀ ਭਾਰੀ ਲੁੱਟ-ਖਸੁੱਟ ਤੋਂ ਬਾਅਦ ਜਿਹੜੀ ਭਿਆਨਕ ਭੁੱਖਮਰੀ ਤੇ ਗ਼ਰੀਬੀ ਤੋਹਫ਼ੇ ਵਜੋਂ ਦਿੱਤੀ ਸੀ, ਉਸ ਨੂੰ ਘਟਾਉਣ ਪੱਖੋਂ ਨਹਿਰੂਵਾਦੀ 'ਸਮਾਜਵਾਦ' ਨੇ ਭਾਰੀ ਮੱਲਾਂ ਮਾਰੀਆਂ ਸਨ। ਐਲਪੀਜੀ ਸੁਧਾਰਾਂ ਨੇ ਸਾਨੂੰ ਇਕ ਅੰਦਰੂਨੀ ਬਸਤੀਵਾਦ ਦੇ ਵੱਸ ਪਾ ਦਿੱਤਾ ਹੈ, ਜਿਥੇ ਬਹੁਤ ਹੀ ਵੱਡੇ ਅਮਰਾਂ ਦੀ ਇਕ ਛੋਟੀ ਜਿਹੀ ਆਬਾਦੀ ਨੇ ਬਾਕੀ ਸਭਨਾਂ ਤੋਂ ਸਾਰਾ ਕੁਝ ਖੋਹ ਲਿਆ ਹੈ।

SUNNYSANGHA • PERSONALREALESTATECORPORATION

**14317 31A AVENUE, SURREY**





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਕੈਨੇਡਾ ਦਿਵਸ-2023 ਮੁਬਾਰਕ...!

ਲਗਪਗ ਪੰਦਰਾਂ ਕੁ ਸਾਲ ਪਹਿਲਾਂ ਮੈਂ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਸਾਂ। ਮੇਰੇ ਮਿੱਤਰ ਸੁਰਜੀਤ ਮਾਧੋਪੁਰੀ ਦੇ ਦਫ਼ਤਰ ਬੈਠੇ ਸਾਂ ਕਈ ਸੱਜਣ। ਕੁਲਦੀਪ ਗਿੱਲ, ਮੋਹਨ ਗਿੱਲ, ਗੁਰਵਿੰਦਰ ਸਿੰਘ ਧਾਲੀਵਾਲ ਤੇ ਸ਼ਾਇਦ ਰਸ਼ਪਾਲ ਵੀ ਸੀ। ਸਾਰੇ ਕਹਿਣ ਲੱਗੇ ਕਿ ਪੰਜਾਬ ਨੂੰ ਕੈਨੇਡਾ ਨੇ ਇੱਕ ਸਦੀ ਤੋਂ ਲਗਾਤਾਰ ਆਰਥਕ ਠੁੰਮਣਾ ਦਿੱਤਾ ਹੈ, ਸਾਨੂੰ ਵੀ ਕੁਝ ਮੋੜਨਾ ਚਾਹੀਦਾ ਹੈ। ਮੇਰੀ ਡਿਊਟੀ ਲੱਗੀ ਕਿ ਕੋਈ ਗੀਤ ਲਿਖਾਂ ਜੋ ਮਾਧੋਪੁਰੀ ਗਾਵੇਗਾ। ਦੋ ਤਿੰਨ ਦਿਨਾਂ ਬਾਦ ਪਹਿਲੀ ਜੁਲਾਈ ਸੀ। ਇਸ ਦਿਨ ਨੂੰ ਕੈਨੇਡਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਮੈਂ ਦੋ ਦਿਨਾਂ ਚ ਇਹ ਗੀਤ ਮੁਕੰਮਲ ਕਰ ਲਿਆ ਜਿਸ ਨੂੰ ਸੁਰਜੀਤ ਮਾਧੋਪੁਰੀ ਨੇ ਗਾਇਆ ਵੀ। ਰੀਕਾਰਡ ਨਹੀਂ ਹੋਇਆ ਕਦੇ। ਸ਼ਾਇਦ ਕੋਈ ਹੋਰ ਗਾ ਲਵੇ। ਇੱਕ ਦੋ ਰੇਡੀਉ ਵਾਲਿਆਂ ਨੇ ਇਸ ਨੂੰ ਮੇਰੀ ਆਵਾਜ਼ ਵਿੱਚ ਪ੍ਰਸਾਰਿਤ ਵੀ ਕੀਤਾ ਓਥੇ। ਅੱਜ ਕੈਨੇਡਾ ਦਿਹਾੜੇ ਦੇ ਸ਼ਗਨ ਸੁਨੇਹੇ ਵੇਖ ਵੇਖ ਕੇ ਮਨ ਕੀਤਾ ਕਿ ਮੈਂ ਵੀ ਕੈਨੇਡਾ ਵੱਸਦੇ ਮਿੱਤਰਾਂ ਸਣੇ ਉਥੋਂ ਦੇ ਸਮੂਹ ਨਿਵਾਸੀਆਂ ਦੇ ਚਾਅ ਵਿੱਚ ਸ਼ਾਮਿਲ ਹੋਵਾਂ। ਮੈਂ ਇਹ ਗੀਤ ਕੈਨੇਡਾ ਵੱਸਦੇ ਮਿੱਤਰ ਪਿਆਰਿਆਂ ਨੂੰ ਸਮਰਪਿਤ ਕਰਦਾ ਹਾਂ। ਤੁਸੀਂ ਵੀ ਗੀਤ ਪੜ੍ਹੋ।

## ਵੱਸਦਾ ਰਹੁ ਆਜ਼ਾਦ ਕੈਨੇਡਾ



ਗੁਰਭਜਨ ਗਿੱਲ

ਤੇਰੀਆਂ ਖੁਸ਼ੀਆਂ ਵਿਚ ਮੈਂ ਸ਼ਾਮਲ,
ਵੱਸਦਾ ਰਹੁ ਆਜ਼ਾਦ ਕੈਨੇਡਾ।
ਵੰਨ ਸੁਵੰਨੇ ਧੀਆਂ ਪੁੱਤਰ,
ਰੱਖੀਂ ਸਦਾ ਆਬਾਦ ਕੈਨੇਡਾ।
ਤੇਰੇ ਮੈਪਲ ਹੇਠਾਂ ਬੈਠੇ,
ਸਾਡੇ ਬੋਹੜਾਂ ਵਰਗੇ ਬਾਬੇ ।
ਕਹਿੰਦੇ ਕਦੇ ਉਲਾਰ ਨਾ ਹੋਵਣ
ਤੇਰੇ ਘਰ ਇਨਸਾਫ਼ ਦੇ ਛਾਬੇ।
ਤੇਰੇ ਜਲ ਵਿਚ ਸਾਡੀ ਮਿਸ਼ਰੀ,
ਸ਼ਰਬਤ ਬੜਾ ਸੁਆਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...
ਜਿਸ ਧਰਤੀ ਤੇ ਆਦਰ ਹੋਵੇ,
ਕਦੇ ਬੇਗਾਨਾ ਦੇਸ਼ ਨਹੀਂ ਹੁੰਦਾ।
ਮਨ ਦਾ ਮੋਰ ਜੇ ਪੈਲਾਂ ਪਾਵੇ,
ਕੋਈ ਵੀ ਥਾਂ ਪ੍ਰਦੇਸ ਨਹੀਂ ਹੁੰਦਾ।
ਤੇਰੀ ਵੰਨਸੁਵੰਨਤਾ ਵਾਲਾ,
ਗੂੰਜੇ ਅਨਹਦ ਨਾਦ ਕੈਨੇਡਾ।
ਤੇਰੀਆਂ ਖੁਸ਼ੀਆਂ ਵਿਚ ਮੈਂ ਸ਼ਾਮਲ...
ਤੇਰੇ ਘਰ ਵਿਚ ਵੇਖੀਂ ਕਿਧਰੇ,
ਲੁੱਟੇ ਨਾ ਕੋਈ ਕਿਰਤ ਕਮਾਈ।
ਕੰਮੀਂ ਕਾਰੀਂ ਰੁੱਝੇ ਗੱਭਰੂ,
ਮੁਟਿਆਰਾਂ ਤੇ ਮਾਈ ਭਾਈ।
ਕੁੱਲ ਦੁਨੀਆਂ ਦੇ ਪੁੱਤਰ ਤੇਰੀ
ਸ਼ਕਤੀ ਬਣੇ ਫ਼ੌਲਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...
ਰਹਿਣ ਸਲਾਮਤ ਤੇਰੇ ਵਿਹੜੇ,
ਸੂਹੇ ਸੁਪਨੇ ਤੇ ਫੁੱਲ ਪੱਤੀਆਂ।
ਜੀਵਣ ਜਾਗਣ ਠੰਢੀਆਂ ਛਾਵਾਂ,
ਵਗਣ ਹਵਾਵਾਂ ਮਹਿਕਾਂ ਮੱਤੀਆਂ।
ਮਾਂ ਬੋਲੀ ਨੂੰ ਭੁੱਲ ਕੇ ਮਾਪੇ,
ਗੁਆ ਨਾ ਬਹਿਣ ਔਲਾਦ ਕੈਨੇਡਾ।
ਤੇਰੀਆਂ ਖੁਸ਼ੀਆਂ ਵਿਚ ਮੈਂ ਸ਼ਾਮਲ...
ਜੇ ਪੁੱਤਰਾਂ ਦਾ ਮੋਹ ਟੁੱਟ ਜਾਵੇ,
ਉਹ ਧਰਤੀ ਫਿਰ ਮਾਂ ਨਹੀਂ ਰਹਿੰਦੀ।
ਪੁੱਤਰ-ਪੱਤਰ ਜੇ ਝੜ ਜਾਵਣ,
ਰੁੱਖਾਂ ਪੱਲੇ ਛਾਂ ਨਹੀਂ ਰਹਿੰਦੀ।
ਸਾਡੇ ਵੀਰਾਂ ਨੂੰ ਸਮਝਾਵੀਂ,
ਫਿਰ ਤੇਰਾ ਧੰਨਵਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...
ਰੇਸ਼ਮ ਦੇ ਧਾਗੇ ਜਹੇ ਬੱਚੜੇ,
ਸਾਂਝੇ ਸੁਪਨਿਆਂ ਦੀ ਫੁਲਕਾਰੀ।
ਮੇਰੇ ਪਿੰਡ ਦੇ ਧੀਆਂ ਪੁੱਤਰਾਂ,
ਤੇਰੀ ਸੋਹਣੀ ਧਰਤ ਸ਼ਿੰਗਾਰੀ।
ਬਿਰਧ ਸਰੀਰਾਂ ਦਾ ਹੱਥ ਸਿਰ 'ਤੇ,
ਰੱਖੀਂ ਦਿਲ ਵਿਚ ਯਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...
ਸਾਂਝੀ ਰੱਤ ਦੇ ਕਾਰਨ ਦਮਕੇ,
ਤੇਰੇ ਝੰਡੇ ਵਿਚ ਜੋ ਲਾਲੀ।
ਵਿਸ਼ਵ ਅਮਨ ਦੇ ਚਿੱਟੇ ਰੰਗ ਨੇ,
ਤੇਰੀ ਅਜ਼ਮਤ ਸਦਾ ਸੰਭਾਲੀ।
ਬੁਰਿਆਂ ਨਾਲ ਯਾਰਾਨੇ ਪਾ ਕੇ,
ਹੋ ਜਾਈਂ ਨਾ ਬਰਬਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ,
ਵੱਸਦਾ ਰਹੁ ਆਜ਼ਾਦ ਕੈਨੇਡਾ।

# ਇੰਡੋ-ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਨੇ ਧੂਮਧਾਮ ਨਾਲ ਮਨਾਇਆ 'ਕੈਨੇਡਾ ਡੇ'

ਸਰੀ (ਹਰਦਮ ਮਾਨ)-ਇੰਡੋ ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ ਵੱਲੋਂ 'ਕੈਨੇਡਾ ਡੇ' ਉੱਪਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਹਰਪਾਲ ਸਿੰਘ ਬਰਾੜ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਵਿਚ ਕੈਨੇਡਾ ਦਾ ਝੰਡਾ ਲਹਿਰਾਇਆ ਗਿਆ ਅਤੇ ਫਿਰ 'ਓ-ਕੈਨੇਡਾ' ਦੇ ਸੰਗੀਤ ਨਾਲ ਸਾਰਾ ਹਾਲ ਗੂੰਜ ਉੱਠਿਆ। ਅਜਮੇਰ ਸਿੰਘ ਵਕੀਲ ਨੇ ਕੈਨੇਡਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਬੀਬੀ ਦਵਿੰਦਰ ਕੌਰ ਜੌਹਲ, ਮਨਜੀਤ ਸਿੰਘ ਮੱਲ੍ਹਾ ਨੇ ਖ਼ੂਬ ਰੰਗ ਬੰਨ੍ਹਿਆਂ। ਕੁਲਦੀਪ ਮਾਣਕ ਦੇ ਲੰਮਾਂ ਸਮਾਂ ਰਹੇ ਸਾਥੀ ਸੁਰਿੰਦਰ ਭਲਵਾਨ "ਰਕਬਾ" ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਸੁਣਾਈ। ਸੈਂਟਰ ਵੱਲੋਂ ਮਹਿੰਦਰ ਸਿੰਘ ਧਾਲੀਵਾਲ ਅਤੇ ਸੰਤਾ ਸਿੰਘ ਮੋਮੀ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿੱਚ ਜਨਰਲ ਸਕੱਤਰ ਕ੍ਰਿਪਾਲ ਸਿੰਘ ਜੌਹਲ ਨੇ ਸ਼ਾਮਲ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।






# ਪਰਵਾਸ, ਪੰਜਾਬੀ ਨੌਜਵਾਨ ਤੇ ਪੰਜਾਬ ਦਾ ਭਵਿੱਖ

ਪਾਵੇਲ ਕੁੱਸਾ



ਪੰਜਾਬ ਅੰਦਰ ਹੱਕੀ ਲੋਕ ਸੰਘਰਸ਼ਾਂ ਦੇ ਅਖਾੜੇ ਮਘ ਰਹੇ ਹਨ। ਪੰਜਾਬ ਦੇ ਡਾਢੇ ਸੰਕਟਾਂ ਦੇ ਦੌਰ 'ਚ ਜਦੋਂ ਕਿਰਤੀ ਕਿਸਾਨ ਆਪਣੇ ਸਾਹ ਚੱਲਦੇ ਰੱਖਣ ਲਈ ਹਾਕਮਾਂ ਨਾਲ ਮੱਥਾ ਲਾ ਰਹੇ ਹਨ ਤਾਂ ਇਸ ਦ੍ਰਿਸ਼ ਵਿਚੋਂ ਨੌਜਵਾਨਾਂ ਦੀ ਝਲਕ ਬਹੁਤ ਫਿੱਕੀ ਹੈ। ਕਦੇ ਕਦੇ ਕੋਈ ਚੇਤਨ ਤੇ ਜੁਝਾਰ ਨੌਜਵਾਨਾਂ ਦੀ ਟੋਲੀ ਦੀ ਗੂੰਜ ਪੈਂਦੀ ਹੈ ਪਰ ਆਮ ਕਰ ਕੇ ਪੰਜਾਬ ਦੇ ਜਨਤਕ ਘੋਲਾਂ ਦਾ ਪਿੜ ਨੌਜਵਾਨਾਂ ਦੀ ਮੌਜੂਦਗੀ ਨੂੰ ਤਰਸਿਆ ਹੀ ਰਹਿੰਦਾ ਹੈ। ਤਰਸੇਗਾ ਹੀ, ਹੱਕਾਂ ਲਈ ਸਮੂਹਿਕ ਸੰਘਰਸ਼ ਤਾਂ ਮਗਰੋਂ ਹੋਣਾ ਹੁੰਦਾ ਹੈ, ਪਹਿਲਾਂ ਤਾਂ ਇਥੇ ਕੁਝ ਹੋ ਸਕਣ ਦੀ ਆਸ ਦੀ ਕਰੂੰਬਲ ਫੁੱਟਣੀ ਚਾਹੀਦੀ ਹੈ। ਉਹ ਕਰੂੰਬਲ ਫੁੱਟਦੀ ਹੈ ਤਾਂ ਉਹਨਾਂ ਆਸਾਂ ਨੂੰ ਸਾਕਾਰ ਕਰਨ ਲਈ ਲੋਕ ਰਲ ਕੇ ਘਾਲਣਾ ਘਾਲਦੇ ਹਨ, ਹੱਕਾਂ ਦੀ ਪਛਾਣ ਕਰਦੇ ਹਨ ਤੇ ਡਾਢੀਆਂ ਹਕੂਮਤਾਂ ਤੋਂ ਉਹ ਹੱਕ ਲੈਣ ਲਈ ਨਿਤਰਦੇ ਹਨ ਪਰ ਪੰਜਾਬ ਦੇ ਨੌਜਵਾਨਾਂ ਨੂੰ ਇਹ ਧਰਤੀ ਇੰਨੀ ਬੇ-ਆਸ ਲੱਗਦੀ ਹੈ ਕਿ ਇਥੇ ਜ਼ਿੰਦਗੀ ਦਾ ਕੁਝ ਸੰਵਰ ਜਾਣ ਦੀ ਆਸ ਦੀ ਕਿਰਨ ਫੁੱਟਣ ਤੋਂ ਪਹਿਲਾਂ ਮੁਰਝਾ ਜਾਂਦੀ ਹੈ। ਜ਼ਿੰਦਗੀ ਦੀ ਖੁਸ਼ਹਾਲੀ ਦੀਆਂ ਆਸਾਂ ਦੀਆਂ ਕਰੂੰਬਲਾਂ ਹੁਣ ਸੱਤ ਸਮੁੰਦਰੋਂ ਪਾਰ ਦੀ ਧਰਤੀ 'ਤੇ ਫੁੱਟ ਰਹੀਆਂ ਹਨ ਤੇ ਉਥੇ ਪੁੱਜਣ ਲਈ ਸੰਘਰਸ਼ ਵੀ ਹੋ ਰਿਹਾ ਹੈ। ਪੰਜਾਬੀ ਨੌਜਵਾਨਾਂ ਵੱਲੋਂ ਵਿਦੇਸ਼ ਜਾਣ ਲਈ ਘਾਲ਼ੀ ਜਾ ਰਹੀ ਘਾਲਣਾ ਪੰਜਾਬੀ ਚਿੰਤਕਾਂ ਦੀ ਇਸ ਫਿਕਰਮੰਦੀ ਦਾ ਜਵਾਬ ਬਣਦੀ ਹੈ ਕਿ ਪੰਜਾਬੀ ਨੌਜਵਾਨ ਨਿਕੰਮਾ ਹੋ ਚੁੱਕਿਆ ਹੈ। ਜ਼ਿੰਦਗੀ ਤੋਂ ਬੇ-ਮੁੱਖ ਹੋ ਚੁੱਕਿਆ ਹੈ ਤੇ ਘੋਰ ਨਿਰਾਸ਼ਾ ਦੇ ਸਮੁੰਦਰਾਂ 'ਚ ਗੋਤੇ ਲਾ ਰਿਹਾ ਹੈ। ਜ਼ਿੰਦਗੀ ਦੀ ਬਿਹਤਰੀ ਦੀ ਆਸ ਇਉਂ ਇੰਨੀ ਜਲਦੀ ਕਿੱਥੇ ਮੁੱਕਦੀ ਹੈ। ਇਹਨੂੰ ਸੰਵਾਰ ਲੈਣ ਦੇ ਸੁਫ਼ਨੇ ਅਜੇ ਜਿਊਂਦੇ ਹਨ।

ਹਾਂ, ਪੰਜਾਬੀ ਨੌਜਵਾਨ ਪੰਜਾਬ ਅੰਦਰ ਹੀ ਜ਼ਿੰਦਗੀ ਦੇ ਸੰਵਰ ਜਾਣ ਤੋਂ ਬੇ-ਮੁਖ ਹੋਏ ਜਾਪ ਸਕਦੇ ਹਨ ਪਰ ਭਰਪੂਰ ਜ਼ਿੰਦਗੀ ਜਿਊਣ ਦੀਆਂ ਆਸਾਂ ਤਾਂ ਮਨਾਂ 'ਚ ਉਵੇਂ ਹੀ ਧੜਕ ਰਹੀਆਂ ਹਨ। ਇਹਨਾਂ ਆਸਾਂ ਦੀ ਪੂਰਤੀ ਲਈ ਨਿਗਾਹਾਂ ਦੂਰ ਦੀਆਂ ਧਰਤੀਆਂ 'ਤੇ ਹਨ। ਇਹਨਾਂ ਆਸਾਂ ਨੇ ਪੰਜਾਬ 'ਚੋਂ ਹੈਰਾਨ ਕਰਨ ਦੀ ਪੱਧਰ ਤੱਕ ਪਰਵਾਸ ਨੂੰ ਜਨਮ ਦਿੱਤਾ ਹੈ। ਪੱਛਮੀ ਤਰਜ਼-ਏ-ਜ਼ਿੰਦਗੀ ਦੀ ਚਕਾਚੌਂਧ, ਖਪਤਕਾਰੀ ਸੱਭਿਆਚਾਰ ਦਾ ਪ੍ਰਛਾਵਾਂ, ਇਥੋਂ ਨਾਲੋਂ ਸਾਫ ਵਾਤਾਵਰਨ ਵਰਗੇ ਕਾਰਨ ਤਾਂ ਨਿਗੂਣੇ ਹਨ। ਆਧਾਰ ਤਾਂ ਪੰਜਾਬ ਅੰਦਰ ਬੇਰੁਜ਼ਗਾਰੀ ਦੇ ਦੈਂਤ ਦਾ ਕਹਿਰ ਹੈ ਜਿਸ ਦਾ ਸਾਹਮਣਾ ਕਰਨਾ ਹਰ ਇੱਕ ਲਈ ਮੁਸ਼ਕਿਲ ਹੋਇਆ ਪਿਆ ਹੈ। ਇਸ ਨੇ ਸਮਾਜਿਕ ਸੰਕਟ ਦੇ ਪਸਾਰ ਵਧਾ ਦਿੱਤੇ ਹਨ ਤੇ ਕੁੱਲ ਮਿਲਾ ਕੇ ਪੰਜਾਬ 'ਚ ਅਸੁਰੱਖਿਅਤਾ ਦੇ ਵਾਤਾਵਰਨ ਦਾ ਪਸਾਰਾ ਹੋ ਗਿਆ ਹੈ। ਵਿਦੇਸ਼ੀ ਧਰਤੀਆਂ 'ਤੇ ਜ਼ਿੰਦਗੀ ਗੁਜ਼ਾਰਨ ਦਾ ਵੱਲ ਜਿਹਾ ਸਿੱਖ ਲੈਣ ਮਗਰੋਂ ਅੱਗੇ ਤੋਂ ਅੱਗੇ ਹੁੰਦੇ ਗਏ ਸੰਚਾਰ ਨੇ ਪੰਜਾਬੀਆਂ ਲਈ ਪਰਵਾਸ ਆਮ ਵਰਤਾਰਾ ਬਣਾ ਦਿੱਤਾ ਹੈ। ਪੰਜਾਬੀ ਜਿਸ ਹੱਦ ਤੱਕ ਵਿਦੇਸ਼ਾਂ 'ਚ ਜਾਣ ਲਈ ਜਫ਼ਰ ਜਾਲਦੇ ਹਨ, ਜਿੰਨੀ ਮਿਹਨਤ ਇਥੋਂ ਜਾਣ ਲਈ ਕਰਦੇ ਹਨ ਤੇ ਉਸ ਤੋਂ ਜ਼ਿਆਦਾ ਉੱਥੇ ਜਾ ਕੇ ਕਮਾਈਆਂ ਕਰਨ ਲਈ ਕਰਦੇ ਹਨ। ਇਹ ਵੀ ਪੰਜਾਬੀਆਂ ਦੇ ਕੰਮ ਛੱਡ ਜਾਣ ਦੀ ਧਾਰਨਾ ਦਾ ਜਵਾਬ ਹੈ। ਇਥੇ ਵਿਹਲੇ ਜਾਪਦੇ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਨਾਲ਼ ਉਥੇ ਪੜ੍ਹਾਈਆਂ ਕਰ ਰਹੇ ਹਨ, ਨਾਲੇ ਦੋ ਦੋ ਸ਼ਿਫਟਾਂ 'ਚ ਕੰਮ ਕਰ ਕੇ ਫੀਸਾਂ ਦਾ ਜੁਗਾੜ ਕਰ ਰਹੇ ਹਨ। ਇਹ ਮਿਹਨਤ ਕਿਹੜੇ ਭਾਈਚਾਰੇ ਨਾਲੋਂ ਘੱਟ ਬਣਦੀ ਹੈ। ਜ਼ਿੰਦਗੀ ਦੇ



ਸੰਵਰ ਜਾਣ ਦੀ ਆਸ ਹੋਵੇ ਤਾਂ ਮਿਹਨਤ ਮਨੁੱਖੀ ਸੁਭਾਅ ਦਾ ਹਿੱਸਾ ਹੈ। ਪੰਜਾਬੀ ਓੜਕਾਂ ਦਾ ਕੰਮ ਕਰ ਸਕਦੇ ਹਨ ਪਰ ਇਹ ਕੰਮ ਜ਼ਿੰਦਗੀ 'ਚ ਰੰਗ ਭਰਦਾ ਜਾਪੇ। ਢਿੱਡ ਨੂੰ ਝੁਲਕਾ ਦੇਣ ਲਈ ਤਾਂ ਹਰ ਕੋਈ ਕਰਦਾ ਹੀ ਹੈ, ਕਰ ਰਿਹਾ ਹੈ। ਜੇ ਭਵਿੱਖ ਵਿਦੇਸ਼ ਜਾ ਕੇ ਸੰਵਰਦਾ ਦਿਸੇ ਤਾਂ ਕੋਈ ਇਥੇ ਕਿਉਂ ਰਹੇਗਾ? ਇਥੇ ਉਹੀ ਰਹਿਣਗੇ, ਜਿਨ੍ਹਾਂ ਲਈ ਕਿਤੇ ਹੋਰ ਰੌਸ਼ਨੀ ਦੀ ਕਿਰਨ ਨਹੀਂ ਹੈ। ਉਹ ਲਾਜ਼ਮੀ ਹੀ ਇਥੋਂ ਵੀ ਰੌਸ਼ਨੀ ਲੱਭ ਲੈਣਗੇ।


ਪਰਵਾਸ ਪੰਜਾਬ ਦੇ ਇਹਨਾਂ ਸੰਕਟਾਂ ਦਾ ਹੱਲ ਨਹੀਂ ਹੋ ਸਕਦਾ। ਪੱਛੜੇ ਸਮਾਜਾਂ ਤੋਂ ਵਿਕਸਤ ਸਮਾਜ ਵੱਲ ਪਰਵਾਸ ਹੁੰਦਾ ਹੀ ਰਿਹਾ ਹੈ, ਹੁਣ ਵੀ ਜਾਰੀ ਰਹੇਗਾ ਪਰ ਇਹ ਸਾਡੇ ਸਮਾਜ ਦੇ ਸੰਕਟਾਂ ਦਾ ਨਿਵਾਰਨ ਕਰਨ ਜੋਗਾ ਕਿਵੇਂ ਹੋ ਸਕਦਾ ਹੈ। ਇਹਨਾਂ ਸੰਕਟਾਂ ਦਾ ਹੱਲ ਤਾਂ ਇਥੋਂ ਦੇ ਸਮਾਜ ਨੇ ਕਰਨਾ ਹੈ, ਪਿੱਛੇ ਬਚ ਗਏ ਸਮਾਜ ਨੇ ਕਰਨਾ ਹੈ। ਪਰਵਾਸ ਜਿੰਨਾ ਵੀ ਵੱਡਾ ਹੋਵੇ, ਜਿੰਨਾ ਵੀ ਵਿਆਪਕ ਹੋਵੇ, ਅਜੇ ਤਾਂ ਇਹ ਸਾਡੇ ਪੰਜਾਬ ਦੀ ਚੰਦ ਪ੍ਰਤੀਸ਼ਤ ਦਾ ਮਸਲਾ ਹੀ ਬਣਦਾ ਹੈ।

ਸਾਮਰਾਜੀ ਮੁਲਕਾਂ ਦੇ ਡੂੰਘੇ ਹੋ ਰਹੇ ਆਰਥਿਕ ਸੰਕਟਾਂ ਨੇ ਉਥੇ ਵੀ ਆਉਂਦੇ ਸਮੇਂ 'ਚ ਰੁਜ਼ਗਾਰ ਦੇ ਮੌਕਿਆਂ 'ਤੇ ਸੱਟ ਮਾਰਨੀ ਹੈ ਪਰ ਪੰਜਾਬ ਦੇ ਬੇ-ਜ਼ਮੀਨੇ ਕਿਸਾਨਾਂ, ਗਰੀਬ ਦੁਕਾਨਦਾਰਾਂ ਤੇ ਦਲਿਤਾਂ ਦੇ ਬੱਚਿਆਂ ਲਈ ਤਾਂ ਹੁਣ ਵੀ ਉਹਨਾਂ ਮੁਲਕਾਂ ਦੇ ਬੂਹੇ ਬੰਦ ਹੀ ਹਨ। ਲੱਖਾਂ ਰੁਪਏ ਝੋਕ ਕੇ ਜਾਣ ਦੀ ਪਰੋਖੋਂ ਹੀ ਨਹੀਂ ਇਹਨਾਂ ਹਿੱਸਿਆਂ ਦੀ। ਇਹਨਾਂ ਨੂੰ ਆਸਾਂ ਪੰਜਾਬ ਦੀ ਧਰਤੀ 'ਤੇ ਜਗਾਉਣੀਆਂ ਪੈਣੀਆਂ ਹਨ ਤੇ ਉਹਨਾਂ ਨੂੰ ਬੂਰ ਪਾਉਣ ਲਈ ਸਭਨਾਂ ਕਿਰਤੀ ਲੋਕਾਂ ਨਾਲ ਰਲ ਕੇ, ਉਹਨਾਂ ਦੇ ਸੁਫ਼ਨਿਆਂ ਦੀ ਕਤਲਗਾਹ ਬਣੇ ਇਸ ਨਿਜ਼ਾਮ ਨਾਲ ਭਿੜਨਾ ਹੀ ਪੈਣਾ ਹੈ। ਕੋਈ ਪਰਵਾਸ ਇਹਨਾਂ ਲਈ ਰੌਸ਼ਨ ਭਵਿੱਖ ਦੇ ਬੂਹੇ ਖੋਲ੍ਹਣ ਜੋਗਾ ਨਹੀਂ ਹੈ। ਇਹਨਾਂ ਨੌਜਵਾਨਾਂ ਨੇ ਵਰਤਮਾਨ ਇਥੇ ਹੀ ਹੰਢਾਉਣਾ ਹੈ ਤੇ ਭਵਿੱਖ ਵੀ ਇਥੇ ਹੀ ਬਣਾਉਣਾ ਹੈ। ਇਸ ਪਰਤ ਦੀਆਂ ਇਸੇ ਧਰਤੀ 'ਤੇ ਭਵਿੱਖ ਸੰਵਾਰਨ ਦੀਆਂ ਆਸਾਂ ਅਜੇ ਜਿਊਂਦੀਆਂ ਹਨ। ਪੰਜਾਬ 'ਚ ਲੋਕਾਂ ਨੂੰ ਜੂਝਣ ਦਾ ਹੋਕਾ ਦੇ ਰਹੀਆਂ ਨੌਜਵਾਨ ਟੋਲੀਆਂ ਇਸ ਸੱਚ ਦੇ ਦੀਦਾਰ ਕਰਵਾ ਰਹੀਆਂ ਹਨ। ਕਿਰਤੀ ਘਰਾਂ ਦੇ ਇਹਨਾਂ ਧੀਆਂ-ਪੁੱਤਾਂ ਦੀਆਂ ਇਹ ਟੋਲੀਆਂ ਅੱਜ ਛੋਟੀਆਂ ਹਨ ਪਰ ਇਹ ਪੰਜਾਬ ਲਈ ਵੱਡੀ ਆਸ ਦਾ ਸੋਮਾ ਹਨ। ਪੰਜਾਬ ਦੀਆਂ ਨੌਜਵਾਨ ਵਿਦਿਆਰਥੀ ਜਥੇਬੰਦੀਆਂ 'ਚ ਸ਼ਾਮਲ ਅਜਿਹੇ ਸੈਂਕੜੇ ਕਾਰਕੁਨ ਲੋਕ ਸੰਘਰਸ਼ਾਂ ਦਾ ਝੰਡਾ ਉੱਚਾ ਕਰ ਰਹੇ ਹਨ। ਇਹਨਾਂ ਨੌਜਵਾਨਾਂ ਦੀਆਂ ਅਜਿਹੀਆਂ ਜਿਊਂਦੀਆਂ ਆਸਾਂ 'ਚ ਹੀ ਪੰਜਾਬ ਦਾ ਭਵਿੱਖ ਜਿਊਂਦਾ ਹੈ।






ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2130 ਜਹਾਨਦਾਦ ਨੇ ਸ਼ਾਹ ਸ਼ੁਜਾਹ ਤਾਈਂ, ਅਟਕ ਫੜ ਕੇ ਕੈਦ ਵਿੱਚ ਪਾ ਦਿੱਤਾ।
ਪਾ ਬੇੜੀਆਂ ਪਿੱਛੋਂ ਕਸ਼ਮੀਰ ਘੱਲਾ, ਅੱਤਾ ਮੁਹੰਮਦ ਨੇ ਭੋਰੇ ਸੁੱਟਵਾ ਦਿੱਤਾ।
ਅੱਖਾਂ ਕੱਢ ਕੇ ਸ਼ਾਹ ਜ਼ਮਾਨ ਦੀਆਂ, ਅੰਨ੍ਹਾ ਕਰਕੇ ਦੀਪ ਬੁਝਾ ਦਿੱਤਾ।
ਹਰਚੰਦ ਸਿੰਘਾ ਬਾਬੇ ਨੇ ਪਾਪ ਕੀਤੇ, ਡਨ ਉਸਦੇ ਖ਼ੂਨ ਨੂੰ ਲਾ ਦਿੱਤਾ॥
2131 ਹਿੰਦ ਲੁੱਟ ਕੇ ਧਨ ਅਫ਼ਗਾਨ ਢੋਇਆ, ਕਈ ਸਦੀਆਂ ਜ਼ੋਰੀ ਜਰਵਾਣਿਆਂ ਨੇ।
ਉਹ ਧਨ ਉਨ੍ਹਾਂ ਦਾ ਕਾਲ ਬਣਿਆ, ਜ਼ਹਿਰ ਖਾਧੀ ਆਪ ਮਰਜਾਣਿਆਂ ਨੇ।
ਪੈਸ ਲੁੱਟ ਦਾ ਅੰਤ ਨੂੰ ਬਿਖ ਬਣਦਾ, ਤੱਤ ਕੱਢਿਆ ਸੋਚ ਸਿਆਣਿਆਂ ਨੇ।
ਹਰਚੰਦ ਸਿੰਘਾ ਵਡੇਰਿਆਂ ਖਤਾ ਕੀਤੀ, ਦੁੱਖ ਭੋਗਿਆ ਅੱਗੋਂ ਨਿਆਣਿਆਂ ਨੇ॥

### ਕੋਹੇਨੂਰ ਹੀਰੇ ਦਾ ਸੰਖੇਪ ਇਤਿਹਾਸ ਅਤੇ ਸ਼ੇਰੇ ਪੰਜਾਬ ਕੋਲ ਆਉਣਾ

2132 ਸੌ ਪੰਦਰਾਂ ਤੇ ਪੱਚੀ ਈਸਵੀ ਨੂੰ, ਬਾਬਰ ਚੜ੍ਹ ਕੇ ਹਿੰਦ ਤੇ ਆਇਆ ਜੀ।
ਲੋਧੀ ਇਬਰਾਹੀਮ ਦੇ ਨਾਲ ਆ ਕੇ, ਪਾਣੀਪਤ ਆ ਜੰਗ ਮਚਾਇਆ ਜੀ।
ਹਾਰ ਦੇ ਕੇ ਇਬਰਾਹੀਮ ਤਾਈਂ, ਜਾ ਦਿੱਲੀ ਦਾ ਤਖ਼ਤ ਹਥਿਆਇਆ ਜੀ।
ਹਰਚੰਦ ਸਿੰਘਾ ਹਿਮਾਯੂੰ ਪੁੱਤ ਉਸਦਾ, ਜਾ ਆਗਰਾ ਉਸ ਦਿਵਾਇਆ ਜੀ॥
2133 ਸ਼ਾਹੀ ਕਿਲ੍ਹਾ, ਮਹਿਲ, ਖ਼ਜ਼ਾਨਿਆਂ ਤੇ, ਸ਼ਾਹਜ਼ਾਦੇ ਨੇ ਕਬਜਾ ਕਰਿਆ ਏ।
ਹੀਰਾ ਕੀਮਤੀ ਉਸ ਦੇ ਹੱਥ ਲੱਗਾ, ਅੱਗੇ ਬਾਪ ਦੇ ਉਸਨੇ ਧਰਿਆ ਏ।
ਭਾਰ ਹੀਰੇ ਦਾ ਤਿੰਨ ਸੌ ਵੀਹ ਰੱਤੀ, ਉਹ ਤੇ ਨਾਲ ਨੂਰ ਦੇ ਭਰਿਆ ਏ।
ਹਰਚੰਦ ਸਿੰਘਾ ਜਹਾਨ ਦਾ ਹਰ ਹੀਰਾ, ਝਲਕ ਉਸਦੀ ਸਾਹਮਣੇ ਹਰਿਆ ਏ॥
2134 214 ਸਾਲ ਵਿਚ ਮੁਗਲਾਂ ਦੇ, ਮਹਿਲ ਖ਼ਜ਼ਾਨਿਆਂ ਦੀ ਰਿਹਾ ਸ਼ਾਨ ਮੀਆਂ।
1739 ਸ਼ਾਹ ਰੰਗੀਲੇ ਤੋਂ, ਨਾਦਰ ਸ਼ਾਹ ਨੇ ਖੋਹਿਆ ਆਣ ਮੀਆਂ।
'ਕੋਹਨੂਰ' (ਚਾਨਣ ਦਾ ਪਹਾੜ) ਸੀ ਨਾਦਰ ਨੇ ਨਾਮ ਦਿੱਤਾ, ਤੁੱਲ ਹੀਰਾ ਨਾ ਹੋਰ ਜਹਾਨ ਮੀਆਂ।
ਹਰਚੰਦ ਸਿੰਘਾ ਛੱਡ ਕੇ ਦੇਸ਼ ਆਪਣਾ, ਹੀਰਾ ਪਹੁੰਚਿਆ ਸੀ ਖ਼ੁਰਾਸਾਨ ਮੀਆਂ॥
2135 ਜਿੱਥੇ ਗਿਆ ਰਹੀ ਨਾ ਸੁੱਖ ਉੱਥੇ, ਨਾਦਰ ਸ਼ਾਹ ਵੀ ਮਾਰ ਮੁਕਾਇਆ ਏ।
ਅੱਠ ਸਾਲ ਪਿੱਛੋਂ ਕੋਹਨੂਰ ਹੀਰਾ, ਅਬਦਾਲੀ ਆਪਣੇ ਪੱਲੇ ਪਾਇਆ ਏ।
ਤੀਜੀ ਪੀੜ੍ਹੀ ਅੁਬਦਾਲੀ ਵੀ ਨਸ਼ਟ ਹੋਏ, ਮਹਿਮੂਦ ਨੇ ਕਾਬਲ ਹਥਿਆਇਆ ਏ।
ਹਰਚੰਦ ਸਿੰਘਾ ਮੁੜਿਆ ਵਤਨ ਆਪਣੇ, ਕੋਹਨੂਰ ਲਹੌਰ ਨੂੰ ਆਇਆ ਏ॥
2136 66ਸਾਲ ਅਬਦਾਲੀਆਂ ਨਾਲ ਰਹਿ ਕੇ, ਕੀਤੀ ਉਨ੍ਹਾਂ ਦੀ ਪੱਟੀਮੇਸ ਬੇਲੀ।
37 ਕੁ ਸਾਲ ਸੀ ਸ਼ੇਰੇ ਪੰਜਾਬ ਕੋਲੇ, ਦਿਨ ਲਹੌਰ ਦੇ ਮਾਣੇ ਵਿਸ਼ੇਸ਼ ਬੇਲੀ।
1850 ਨੂੰ ਜਾ ਵਲੈਤ ਬੈਠਾ, ਦੇਸ਼ ਛੱਡ ਕੇ ਵਿੱਚ ਬਿਦੇਸ਼ ਬੇਲੀ।
ਹਰਚੰਦ ਸਿੰਘਾ ਕੋਈ ਨਾ ਜਾਣਦਾ ਏ, ਕਿੰਨੇ ਥਾਂ ਨੇ ਬਦਲਣੇ ਏਸ ਬੇਲੀ॥

### ਕੋਹਨੂਰ ਹੀਰਾ ਮਹਾਰਾਜਾ ਰਣਜੀਤ ਸਿੰਘ ਪਾਸ ਕਿਵੇਂ ਆਇਆ ?

2137 'ਵਫ਼ਾ-ਬੇਗਮ' ਸ਼ਾਹ ਸ਼ੁਜਾਹ ਦੀ ਜੋ, ਅਕਲ ਆਪਣੀ ਉਹ ਦੜਾਉਣ ਲੱਗੀ।
ਖਾਵੰਦ ਆਪਣੇ ਨੂੰ ਕਸ਼ਮੀਰ ਦੀ ਜੇਲ੍ਹ ਵਿੱਚੋਂ ਰਿਹਾਅ ਕਰਵਾਉਣ ਦੇ ਹੀਲੇ ਬਣਾਉਣ ਲੱਗੀ।
ਅਜ਼ੀਜੁਉਦੀਨ ਦੇ ਰਾਹੀਂ ਦੁੱਖ ਆਪਣਾ, ਸ਼ੇਰੇ ਪੰਜਾਬ ਦੇ ਤੱਕ ਪਹੁੰਚਾਉਣ ਲੱਗੀ।
ਹਰਚੰਦ ਸਿੰਘਾ ਸ਼ੇਰੇ ਪੰਜਾਬ ਤਾਈਂ, ਬੰਦੀ ਛੋੜ ਦਾ ਵਾਸਤਾ ਪਾਉਣ ਲੱਗੀ॥
2138 ਲੋਕ ਆਪ ਨੂੰ ਸ਼ੇਰੇ ਪੰਜਾਬ ਕਹਿੰਦੇ, ਬੰਦੀ ਛੋੜ ਦਾ ਸਿੱਖ ਅਖਵਾਉਣਾ ਏ।
ਪੈਰ ਆਪਦੇ ਸਫਲਤਾ ਆ ਚੁੰਮੇ, ਜਿਸ ਪਾਸੇ ਪੈਰ ਟਿਕਾਵਣਾ ਏ।
ਸ਼ਰਨ ਆਇਆਂ ਦੀ ਬਖ਼ਸ਼ੇ ਜਾਨ ਸਾਈਂ, ਲੋੜਬੰਦਾਂ ਦੇ ਕੰਮ ਪਿਆ ਆਵਣਾ ਏ।
ਪਾਂਡੀ ਪਾਤਸ਼ਾਹ ਕਹਿਣ ਹਰਚੰਦ ਸਿੰਘਾ, ਜੀਵਨ ਦਾਤਾ ਵੀ ਤਾਂ ਹੀ ਕਹਾਵਣਾ ਏ॥
2139 ਤੱਕ ਆਸਰਾ ਆਪਦਾ ਅਸੀਂ ਆਏ, ਤੇਰੇ ਬਲ ਤੇ ਡਾਢਾ ਮਾਨ ਸਾਈਂ।
ਸ਼ਾਹ ਸ਼ੁਜਾਤ ਹੈ ਕੈਦ ਕਸ਼ਮੀਰ ਕੀਤਾ, ਨਾਲ ਉਸਦੇ ਸਾਡਾ ਜਹਾਨ ਸਾਈਂ।
ਬਣੀ ਰਹੇ ਆਪਦੀ ਬਾਦਸ਼ਾਹੀ, ਭੁੱਲਾਂ ਆਪਦਾ ਕਦੇ ਨਾ 'ਸਾਨ ਸਾਈਂ।
ਹਰਚੰਦ ਸਿੰਘਾ ਬੰਦੀ ਛੁਡਾ ਦੇਵੇਂ, ਤੋਹਫਾ ਦਿਆਂ ਮੈਂ ਤੈਨੂੰ ਮਹਾਨ ਸਾਈਂ॥
2140 ਹੀਰਾ ਮੇਰਾ ਜੇ ਮੈਨੂੰ ਮਿਲਾ ਦੇਵੇ, ਹੀਰਾ ਆਪ ਨੂੰ ਕੋਹਿਨੂਰ ਦੇਵਾਂ।
ਮਰਨ ਪਿੱਛੋਂ ਵੀ ਭੁੱਲਾਂ ਅਹਿਸਾਨ ਨਾ ਹੀ, ਸ਼ੈ ਜੱਗ ਦੀ ਤੈਨੂੰ ਮਸ਼ਹੂਰ ਦੇਵਾਂ।
ਭੁੱਲ ਦੁਸ਼ਮਣੀ ਸਾਡੇ ਤੇ ਰਹਿਮ ਕੀਤਾ, ਮੇਰੇ ਮੌਲਾ ਦਾ ਰਹਿਮ ਭਰਪੂਰ ਦੇਵਾਂ।
ਹਰਚੰਦ ਸਿੰਘਾ ਸਭ ਦੇ ਸਾਹਮਣੇ ਮੈਂ, ਬਚਨ ਆਪ ਨੂੰ ਮੇਰੇ ਹਜ਼ੂਰ ਦੇਵਾਂ॥

### ਮਹਿਮੂਦ ਸ਼ਾਹ ਕਾਬਲ ਦੀਆਂ ਫੌਜਾਂ ਨਾਲ ਰਲ ਕੇ ਹਰੀ ਸਿੰਘ ਨਲੂਆ, ਦੀਵਾਨ ਮੋਹਕਮ ਚੰਦ, ਸ: ਨਿਹਾਲ ਸਿੰਘ ਅਟਾਰੀ ਨਾਮੀ ਜਰਨੈਨਾਂ ਨੇ ਕਸ਼ਮੀਰ ਤੇ ਚੜ੍ਹਾਈ ਕਰਕੇ ਸ਼ਾਹ ਸ਼ੁਜਾਹ ਨੂੰ ਰਿਹਾਅ ਕਰਵਾ ਕੇ ਲਹੌਰ ਲਿਆਉਣਾ

2141 ਮਹਾਰਾਜ ਨੇ ਬੇਗਮ ਦੀ ਅਰਜ ਮੰਨੀ, ਯੋਧੇ ਕਸ਼ਮੀਰ ਦੇ ਪਾਏ ਰਾਹ ਮੀਆਂ।
ਆਈਆਂ ਔਕੜਾਂ ਬਹੁਤ ਹੀ ਫੌਜੀਆਂ ਨੂੰ, ਜਾਨ ਦਿੱਤੀ ਕਈਆਂ ਨੇ ਲਾ ਮੀਆਂ।
ਅੱਤਾ ਮੁਹੰਮਦ ਨੂੰ ਸ਼ੇਰ ਗੜ੍ਹੀ ਵਿਚ ਘੇਰ ਸਿੰਘਾ, ਜੰਗ ਕਰਕੇ ਦਿੱਤਾ ਭਜਾ ਮੀਆਂ।
ਹਰਚੰਦ ਸਿੰਘਾ ਛੁਡਾ ਕੇ ਲੈ ਆਂਦਾ, ਲਹੌਰ ਸਿੰਘਾਂ ਨੇ ਸ਼ਾਹ ਸ਼ੁਜਾਹ ਮੀਆਂ॥
2142 ਮਹਾਰਾਜਾ ਨੇ ਹੀਰਾ ਲੁੱਟਿਆ ਨਾ, ਜਗੀਰ ਦਿੱਤੀ ਉਨ੍ਹਾਂ ਨੂੰ ਲਾ ਬੇਲੀ।
ਚੋਖਾ ਧਨ ਵੀ ਦਿੱਤਾ ਖਰਚ ਲਈ, ਕੀਤਾ ਉਨ੍ਹਾਂ ਦਾ ਚੰਗਾ ਨਿਰਭਾਅ ਬੇਲੀ।
ਕੋਟ ਕਮਾਲੀਆ, ਪਰਗਨਾ ਕਲਾਨੂਰ, ਝੰਗ ਸਿਆਲ ਵੀ ਪੱਲੇ ਪਾ ਬੇਲੀ।
ਹਰਚੰਦ ਸਿੰਘਾ 1813 ਈ: ਸਾਲ ਹੈ ਸੀ, ਮੌਤੋਂ ਬਚਾਇਆ ਸ਼ਾਹ ਸ਼ੁਜਾਹ ਬੇਲੀ॥
2143 ਕੋਹੇਨੂਰ ਦੀ ਹੋਏਗੀ ਗੱਲ ਜਿੱਥੇ, ਸਿੱਖ ਰਾਜ ਦਾ ਆਏਗਾ ਨਾਮ ਉੱਥੇ।
ਸ਼ੇਰੇ ਪੰਜਾਬ ਤੇ ਸਿੰਘਾਂ ਸੂਰਿਆਂ ਦਾ, ਜ਼ਿਕਰ ਹੋਏਗਾ, ਸ਼ਰੇਆਮ ਉੱਥੇ।
ਕਿਸ ਕਿਸ ਦਾ ਕਿੰਨਾ ਸਾਥ ਕੀਤਾ, ਗਿਣੇ ਜਾਣਗੇ ਰਾਜ ਤਮਾਮ ਉੱਥੇ।
ਕਈ ਪਾਉਣਗੇ ਨੇਕੀ ਹਰਚੰਦ ਸਿੰਘਾ, ਕਈ ਹੋਣਗੇ ਰਾਜੇ ਬਦਨਾਮ ਉੱਥੇ॥

### ਸ਼ੇਰੇ ਪੰਜਾਬ ਨੇ ਅਟਕ ਦਾ ਕਿਲ੍ਹਾ ਅਤੇ ਇਲਾਕਾ ਅਫਗਾਨਾਂ ਕੋਲੋਂ ਜਿੱਤਣਾ

2144 ਅਠਾਰਾਂ ਸੌ ਦਾ ਤੇਰਵਾਂ ਸਾਲ ਹੈ ਸੀ, ਸ਼ੇਰੇ ਪੰਜਾਬ ਨੇ ਨਾਮੀ ਸਰਦਾਰ ਸੱਦੇ।
ਹਰੀ ਸਿੰਘ ਨਲੂਆ, ਦੇਸਾ ਸਿੰਘ ਮਜੀਠਾ, ਮੋਹਕਮ ਚੰਦ ਯੋਧੇ ਬਲਕਾਰ ਸੱਦੇ।
ਆਇਆ ਸਿੰਘ ਤੇ ਫੌਜ ਦੇ ਪੰਚ ਕਈ, ਕਰਨ ਵਾਸਤੇ ਇਕ ਵਿਚਾਰ ਸੱਦੇ।
ਕਿਲਾ ਅਟਕ ਦਾ ਮਾਰੋ ਹਰਚੰਦ ਸਿੰਘਾ, ਇਹ ਕਹਿਣ ਲਈ ਵਿਚ ਦਰਬਾਰ ਸੱਦੇ॥

### ਹਜਰੋ ਦੇ ਮੈਦਾਨ ਵਿਚ ਖਾਲਸੇ ਨੇ ਅਫਗਾਨਾਂ ਉੱਤੇ ਫ਼ਤਿਹ ਪਾਉਣੀ

2145 ਚਾਰੇ ਸੂਰਮੇ ਅਟਕ ਦੇ ਵਲ ਚੱਲੇ, ਡੇਰੇ ਹਜਰੋ ਦਿੱਤੇ ਨੇ ਲਾ ਬੇਲੀ।
ਫ਼ਤਿਹ ਖ਼ਾਨ ਤੇ ਦੋਸਤ ਮੁਹੰਮਦ ਅੱਗੋਂ, ਲੈ ਲਸ਼ਕਰ ਟੱਕਰੇ ਆ ਬੇਲੀ।
ਉਧਰ ਗੱਭਰੂ ਪੁੱਤ ਪਠਾਣੀਆਂ ਦੇ, ਪਲ਼ੇ ਗਿਰੀਆਂ ਚੂਰਮੇ ਖਾ ਬੇਲੀ।
ਹਰਚੰਦ ਸਿੰਘਾ ਇੱਧਰ ਵੀ ਸਿੰਘ ਅਣਖੀ, ਕਿਲ੍ਹੇ ਜਿਨ੍ਹਾਂ ਨੇ ਦਿੱਤੇ ਨਿਵਾਅ ਬੇਲੀ॥
2146 ਕਈ ਦਿਨ ਘਮਸਾਨ ਦਾ ਯੁੱਧ ਹੋਇਆ, ਹਰੀ ਸਿੰਘ ਨੇ ਖ਼ੂਨ ਨਚੋੜ ਦਿੱਤੇ।
ਝਈਆਂ ਲੈ ਕੇ ਪੈਣ ਪਠਾਣ ਅੱਗੋਂ, ਦੇਸਾ ਸਿੰਘ ਨੇ ਮੂੰਹ ਸੀ ਮੋੜ ਦਿੱਤੇ।
ਫੱਟੜ ਦੋਸਤ ਮੁਹੰਮਦ ਖ਼ਾਨ ਹੋਇਆ, ਗੋਲੇ ਮਾਰ ਕੇ ਲੱਕ ਸੀ ਤੋੜ ਦਿੱਤੇ।
ਹਰਚੰਦ ਸਿੰਘਾ ਕਾਬਲ ਵੱਲ ਭੱਜੇ, ਅੱਗੋਂ ਅਟਕ ਦਰਿਆ ਨੇ ਰੋੜ੍ਹ ਦਿੱਤੇ॥
2147 ਕਿਲਾ ਅਟਕ ਦਾ ਬੂਹਾ ਪੰਜਾਬ ਦਾ ਸੀ, ਕਬਜ਼ੇ ਆਪਣੇ ਲਿਆ ਏ ਕਰ ਸਿੰਘਾਂ।
ਸ਼ੇਰੇ ਪੰਜਾਬ ਨੇ ਗੁਰੂ ਦਾ ਸ਼ੁਕਰ ਕੀਤਾ, ਜਦ ਭੇਜੀ ਲਹੌਰ ਸੀ ਖਬਰ ਸਿੰਘਾਂ।
ਹਰੀ ਸਿੰਘ ਨੇ ਝੰਡਾ ਝੁਲਾਅ ਦਿੱਤਾ, ਤੋਪਾਂ ਕਿਲ੍ਹੇ ਤੇ ਦਿੱਤੀਆਂ ਧਰ ਸਿੰਘਾਂ।
ਹਰਚੰਦ ਸਿੰਘਾ ਲੋਹਾ ਮਨਾ ਲਿਆ, ਪਾਇਆ ਐਸਾ ਪਠਾਣਾਂ ਤੇ ਡਰ ਸਿੰਘਾਂ॥

### ਮੁਲਤਾਨ ਦੀ ਜੰਗ 1818 ਈ:

2148 ਮੁਜੱਫ਼ਰ ਖ਼ਾਨ ਨਵਾਬ ਮੁਲਤਾਨ ਦਾ ਜੋ, ਹਿੱਸਾ ਉਹੋ ਲਹੌਰ ਸਰਕਾਰ ਦਾ ਜੀ।
ਅਹਿਦਨਾਮਾ ਦੋਹਾਂ ਦੇ ਵਿੱਚ ਹੋਇਆ, ਹਰ ਸਾਲ ਉਹ ਮਾਮਲਾ ਤਾਰਦਾ ਜੀ।
ਈਨ ਮੰਨੀ ਨਾ ਵੱਡੇ-ਵਡੇਰਿਆਂ ਨੇ, ਆਪਾਂ ਉਸਨੂੰ ਨਿੱਤ ਪੁਕਾਰਦਾ ਜੀ।
ਹਰਚੰਦ ਸਿੰਘਾ ਮਾਰਾਂ ਲਹੌਰ ਜਾ ਕੇ, ਨਿੱਤ ਖ਼ੂਨ ਉਬਾਲੇ ਮਾਰਦਾ ਜੀ॥
2149 ਅਠਾਰਾਂ ਸੌ ਸਤਾਰਾਂ ਦਾ ਮਾਮਲਾ ਜੋ, ਸਮੇਂ ਸਿਰ ਨਾ ਉਸ ਭੁਗਤਾਨ ਕੀਤਾ।
ਕੋਟ ਪੱਕਾ ਸ਼ਹਿਰ ਦੇ ਗਿਰਦ ਕਰਕੇ, ਕੱਦ ਕਿਲੇ ਦਾ ਹੋਰ ਬਲਵਾਨ ਕੀਤਾ।
ਖਬਰ ਮਿਲੀ ਸ਼ੇਰੇ ਪੰਜਾਬ ਤਾਈਂ, ਗਾਜ਼ੀਪੁਣੇ ਦੇ ਵੱਲ ਰੁਝਾਨ ਕੀਤਾ।
ਹਰਚੰਦ ਸਿੰਘਾ ਇਰਾਦਾ ਜਾਣਨੇ ਨੂੰ, ਦਸਤਾ ਫੌਜ ਦਾ ਵੱਲ ਮੁਲਤਾਨ ਕੀਤਾ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੋਸ਼ਲ ਮੀਡੀਆ ਤੋਂ

## ਗੁਰਪ੍ਰੀਤ ਕੌਰ ਰਾਹੀਂ



- ਅਸੀਂ, ਜਿਹੜੇ 1945-1975 ਦੇ ਵਿਚ ਜਨਮੇ ਹਾਂ, ਸਾਨੂੰ ਵਿਸ਼ੇਸ਼ ਅਸ਼ੀਰਵਾਦ ਪ੍ਰਾਪਤ ਹੈ ਅਤੇ ਅਜਿਹਾ ਵੀ ਨਹੀਂ ਕਿ ਸਾਨੂੰ ਮਾਡਰਨ ਸਹੂਲਤਾਂ ਤੋਂ ਕੋਈ ਐਲਰਜੀ ਜਾਂ ਪਰਹੇਜ ਹੈ
- ਸਾਨੂੰ ਕਦੇ ਜਾਨਵਰਾਂ ਵਾਂਗ ਕਿਤਾਬਾਂ ਦੇ ਬੋਝ ਨੂੰ ਢੋਹ ਕੇ ਸਕੂਲ ਨਹੀਂ ਜਾਣਾ ਪਿਆ, ਬੱਸ ਕੈਦਾ ਤੇ ਸਲੇਟ ਫੱਟੀ ਨਾਲ ਪੜ੍ਹਾਈ ਕੀਤੀ ਹੈ।
- ਅਸੀਂ ਦਾਦਾ ਦਾਦੀ, ਭੂਆ, ਮਾਸੀਆਂ, ਮਾਮੀਆਂ ਦਾ ਭਰਪੂਰ ਪਿਆਰ ਮਿਲਿਆ, ਛੁੱਟੀਆਂ ਚ ਅਸੀਂ ਹਿੱਲ ਸਟੇਸ਼ਨ ਤੇ ਨਹੀਂ ਬਲਕਿ ਰਿਸ਼ਤੇਦਾਰੀਆਂ ਚ ਘੁੰਮਣ ਜਾਂਦੇ ਸੀ।
- ਸਾਨੂੰ ਮਾਂ ਤੋਂ ਇਲਾਵਾਂ ਦਾਦੀ ਚਾਚੀ ਤੋਂ ਵੀ ਮਾਂ ਵਾਲਾ ਹੀ ਪਿਆਰ ਮਿਲਿਆ,
- ਸਾਡੇ ਵੇਲੇ ਆਂਡ-ਗਵਾਂਡ ਚ ਜਾਕੇ ਖੇਡਣ ਨਾਲ ਖਤਰਾ ਤੇ ਡਰ ਨਹੀਂ ਹੁੰਦਾ ਸੀ। ਕਈ ਵਾਰ ਤਾਂ ਗਵਾਂਢੀਆਂ ਦੇ ਘਰੋਂ ਸੁੱਤੇ ਹੀ ਆਪਣੇ ਘਰੇ ਚੁੱਕ ਲਿਆਉਣਾ ਪੈਂਦਾਂ ਸੀ।
- ਸਕੂਲੋਂ ਘਰ ਆਕੇ ਅੱਧੀ ਰਾਤ ਤੱਕ ਗਲੀਆਂ ਚ ਖੇਡਦੇ ਫਿਰਦੇ ਰਹਿੰਦੇ ਸੀ। ਸਾਡੇ ਵੇਲੇ ਜਾਤ ਤੇ ਸਟੇਟਸ ਦੇਖ ਕੇ ਦੋਸਤ ਨਹੀਂ ਬਣਦੇ ਦੀ।
- ਅਸੀਂ ਆਪਣੇ ਅਸਲ ਯਾਰਾਂ ਨਾਲ ਖੇਡਦੇ ਸੀ, ਨੈੱਟ ਤੇ ਬਣਦੇ ਦੋਸਤਾਂ ਨਾਲ ਨਹੀਂ।
- ਸਾਡੇ ਵੇਲੇ ਜਿਥੇ ਮਰਜੀ ਜਿਸ ਮਰਜੀ ਨਲਕੇ ਤੋਂ ਪਾਣੀ ਪੀਣਾ ਠੀਕ ਹੁੰਦਾ ਸੀ, ਅਸੀਂ ਬੋਤਲਾਂ ਚ ਪਾਣੀ ਨਹੀਂ ਲੈਕੇ ਘੁੰਮਦੇ ਸੀ।
- ਅਸੀਂ ਖ਼ੁਦ ਖੇਤ ਚੋ ਤੋੜ ਕੇ ਗੰਨੇ ਚੂਪਦੇ ਸੀ, ਸਾਡੇ ਵੇਲੇ ਗੰਨੇ ਦੇ ਜੂਸ ਤੇ ਪੈਕਟਾਂ ਚ ਬੰਦ ਜੂਸ ਨਹੀਂ ਮਿਲਦੇ ਸੀ।
- ਸਾਡੇ ਵੇਲੇ ਲੱਸੀ ਨਾਲ ਗੁੜ ਖਾਕੇ ਅਸੀਂ ਬਿਮਾਰ ਨਹੀਂ ਪੈਂਦੇ ਸੀ। ਘਰ ਦਾਲ ਸਬਜ਼ੀ ਨਾ ਬਣੀ ਹੋਣ ਤੇ ਬੇਹੀ ਰੋਟੀ ਤੇ ਲੂਣ ਮਿਰਚ ਭੁੱਕ ਕੇ ਡਾਲਡਾ ਘਿਓ ਲਗਾ ਵੀ ਰੋਟੀ ਪਰੌਂਠੇ ਵਰਗੀ ਲਗਦੀ ਸੀ।
- ਅਸੀਂ ਪਲੇਟ ਭਰ ਭਰ ਮਿੱਠਾ ਤੇ ਚੌਲ ਖਾਕੇ ਵੀ ਮੋਟੇ ਨਹੀਂ ਹੋਏ ਸੀ।
- ਨੰਗੇ ਪੈਰੀਂ ਘੁੰਮਣ ਤੇ ਵੀ ਕਦੇ ਸਾਡੇ ਪੈਰ ਖਰਾਬ ਨਹੀਂ ਹੁੰਦੇ ਸੀ।
- ਤੰਦਰੁਸਤ ਰਹਿਣ ਲਈ ਸਾਨੂੰ ਬਾਹਰੀ ਸਪਲੀਮੈਂਟ ਨਹੀਂ ਲੈਣੇ ਪੈਂਦੇ ਸੀ।
- ਖੇਡਣ ਲਈ ਅਸੀਂ ਆਪਣੇ ਖਿਲੌਣੇ ਖ਼ੁਦ ਬਣਾਉਂਦੇ ਸੀ, ਸਾਇਕਲ ਦੇ ਟਾਇਰ ਤੇ ਇੱਟ ਦੀ ਗੱਡੀ ਬਣਾਉਣ ਤੇ ਘੁਮਾਉਣ 'ਚ ਅਸੀਂ ਇੰਜੀਨੀਅਰ ਨੰਬਰ 1 ਹੁੰਦੇ ਸੀ।
- ਸਾਡੇ 'ਚ ਤਿੰਨ 4 ਸਕੇ ਭੈਣ ਭਰਾਵਾਂ ਦੇ ਇੱਕ ਥਾਨ ਚੋ ਬਣਾਏ ਕਪੜੇ ਸਾਡੀ ਸ਼ਾਨ ਹੁੰਦੇ ਸੀ, ਇਸ ਨਾਲ ਸਾਡੇ 'ਚ ਆਪਸੀ ਪਿਆਰ ਤੇ ਏਕੇ ਵਾਲੀ ਭਾਵਨਾ ਆਉਂਦੀ ਸੀ।
- ਸਾਡੇ ਬਿਮਾਰ ਹੋਣ ਤੇ ਡਾਕਟਰ ਸਾਡੇ ਘਰ ਆਉਂਦਾ ਸੀ, ਅਸੀਂ ਡਾਕਟਰ ਕੋਲ ਨਹੀਂ ਜਾਂਦੇ ਸੀ।
- ਅਸੀਂ ਆਪਣੇ ਦੋਸਤ ਦੇ ਘਰ ਬਿਨਾ ਸੱਦੇ ਤੇ ਬਿਨਾ ਦੱਸੇ ਜਾਂਦੇ ਸੀ। ਦੋਸਤ ਦੇ ਘਰ ਹੀ ਓਹਨਾ ਨਾਲ ਖਾਣਾ ਖਾਂਦੇ ਸੀ। ਦੋਸਤਾਂ ਨੂੰ ਫੋਨ ਕਰਕੇ ਘਰ ਆਉਣ ਦੀ ਪਰਮੀਸ਼ਨ ਨਹੀਂ ਲੈਣੀ ਪੈਂਦੀ ਸੀ।
- ਸਕੂਲ 'ਚ ਕੁੱਟ ਪੈਣ ਤੇ ਸਾਡੇ ਮਾਪੇ ਸਕੂਲ ਜਾਕੇ ਹੰਗਾਮਾ ਨਹੀਂ ਕਰਦੇ ਸੀ ਬਲਕਿ ਸਾਡੇ ਟੀਚਰ ਤੋਂ ਵੱਧ ਮਾਰ ਸਾਡੇ ਮਾਪਿਆ ਤੋਂ ਪੈਂਦੀ ਸੀ।
- ਇਸ ਤਰ੍ਹਾਂ ਨਾਲ ਅਸੀਂ ਇਕ ਅਨੋਖੀ ਤੇ ਸਮਝਦਾਰ ਪੀੜ੍ਹੀ ਹਾਂ , ਅਸੀਂ ਇੱਕ ਤਰਾਂ ਦੀ ਇਹ ਆਖ਼ਿਰੀ ਪੀੜ੍ਹੀ ਵੀ ਹਾਂ ਜਿਨ੍ਹਾਂ ਨੇ ਮਾਪਿਆ ਦਿੱਤੀ ਸਿੱਖਿਆ ਤਾਂ ਸੁਣੀ ਤੇ ਸਮਝੀ ਹੈ ਅਤੇ ਹੁਣ ਬਚਿਆਂ ਦਿੱਤੀ ਸਿੱਖਿਆ ਵੀ ਸੁਣ ਰਹੇ ਹਾਂ।

"We are not special,
But... We are... Super Special...
Limited Edition....
....and we are enjoying the
Generation Gap."

ਯਾਦਾਂ ਦੇ ਝਰੋਖੇ 'ਚੋਂ...

# ਪ੍ਰੀਤਲੜੀ ਤੇ ਮੈਂ



ਹਰਭਜਨ ਸਿੰਘ ਹੁੰਦਲ

ਦੇਸ਼ ਦੀ ਵੰਡ ਪਿੱਛੋਂ ਅਸੀਂ ਪਾਕਿਸਤਾਨ ਵਿਚੋਂ ਉੱਠ ਕੇ ਭਾਰਤ ਆ ਗਏ ਤੇ ਪਹਿਲਾਂ-ਪਹਿਲਾਂ ਜੱਦੀ ਪਿੰਡ ਬੰਡਾਲਾ, ਤਹਿਸੀਲ ਤਰਨ-ਤਾਰਨ (ਅੰਮ੍ਰਿਤਸਰ) ਵਿਚ ਪਿਓ-ਦਾਦਿਆਂ ਦੇ ਪੁਰਾਣੇ ਖੋਲਿਆਂ ਵਿਚ ਆ ਡੇਰੇ ਲਾਏ। ਏਥੇ ਹੀ ਸਾਨੂੰ ਐਮ.ਬੀ। ਹਾਈ ਸਕੂਲ ਜੰਡਿਆਲਾ ਗੁਰੂ ਵਿੱਚ ਪੜ੍ਹਨੇ ਪਾ ਦਿੱਤਾ। ਪਿੰਡ ਦੇ ਹੋਰ ਮੁੰਡੇ ਵੀ ਸਾਡੇ ਨਾਲ ਇਕੱਠੇ ਸਕੂਲ ਜਾਂਦੇ ਸਨ। ਇਨ੍ਹਾਂ ਵਿਚ ਡਾ. ਤਾਰਾ ਚੰਦ ਦਾ ਲੜਕਾ ਪ੍ਰਿੰਸ ਹੁੰਦਾ ਸੀ। ਡਾ. ਤਾਰਾ ਚੰਦ ਪਿੱਛੋਂ ਬਾਹਮਣੀ ਵਾਲਾ ਤੋਂ ਉਜੜ ਕੇ ਆਏ ਸਨ। ਇਹ ਪਿੰਡ ਸਾਡੇ ਪਾਕਿਸਤਾਨ ਵਾਲੇ ਪਿੰਡ ਦੇ ਨੇੜੇ ਹੁੰਦੇ ਸੀ। ਇਸ ਕਾਰਣ 'ਸ਼ਰਨਾਰਥੀ" ਹੋਣ ਦੀ ਸਾਂਝ ਵੀ ਸੀ। ਉਹ ਹੁਣ ਸਾਡੇ ਪਿੰਡ ਬਡਾਲੇ ਵਿਚ ਹੀ ਡਾਕਟਰੀ ਦੀ ਦੁਕਾਨ ਕਰਦੇ ਸਨ। ਪ੍ਰਗਤੀਵਾਦੀ ਵਿਚਾਰਾਂ ਦੇ ਸਨ। ਪ੍ਰਿੰਸ ਨਾਲ ਵਿਦਿਆਰਥੀ ਨੇੜਤਾ ਕਾਰਣ ਅਸੀਂ ਸ਼ਾਮ ਨੂੰ ਉਨ੍ਹਾਂ ਦੀ ਦੁਕਾਨ ਤੇ ਗੇੜਾ ਮਾਰਦੇ ਤੇ ਇੰਝ ਉਸ ਦੁਕਾਨ 'ਤੇ ਆਉਣ ਜਾਣ ਬਣ ਗਿਆ। ਇਹ 1948-50 ਦੀਆਂ ਗੱਲਾਂ ਨੇ।

ਡਾ. ਤਾਰਾ ਚੰਦ ਪ੍ਰੀਤਲੜੀ ਮੰਗਵਾਉਂਦੇ ਸਨ। ਦੁਕਾਨ ਤੇ ਜਾਂਦਿਆਂ ਕਦੇ ਕੋਈ ਪੁਰਾਣੀ ਪ੍ਰੀਤਲੜੀ ਹੱਥ ਲੱਗ ਜਾਂਦੀ ਤੇ ਮਾਂਗਵੀਂ ਸਮਝ ਕੇ ਪੜ੍ਹਨ ਲਈ ਘਰ ਲੈ ਆਉਂਦੇ। ਇੰਝ ਪ੍ਰੀਤਲੜੀ ਨਾਲ ਪਹਿਲੀ ਜਾਣ-ਪਛਾਣ ਡਾ. ਤਾਰਾ ਚੰਦ ਰਾਹੀਂ ਹੋਈ। ਡਾ. ਤਾਰਾ ਚੰਦ, ਮਰੀਜ਼ਾਂ ਦਾ ਨਿਰੀਖਣ ਕਰਦਿਆਂ, ਪਰਚੀ ਬਣਾਉਂਦਿਆਂ, ਦਵਾਈ ਦਿੰਦਿਆਂ, ਬੜੀ ਮਜ਼ੇਦਾਰ ਤੇ ਚੁਸਤ ਗੱਲਾਂ ਕਰਦੇ ਸਨ। ਸਾਨੂੰ ਕੀ ਪਤਾ ਸੀ ਕਿ ਇਹ ਗੱਲਾਂ ਉਹ ਪ੍ਰੀਤਲੜੀ ਦੇ ਲਗਾਤਾਰ ਪਾਠ ਕਾਰਣ ਸਿੱਖ ਗਏ ਸਨ ਪਰ ਹੁਣ ਏਨੇ ਵਰ੍ਹਿਆਂ ਬਾਅਦ ਸੋਚੀਦਾ ਹੈ ਕਿ ਇਸ ਦਾ ਕਾਰਣ ਪ੍ਰੀਤਲੜੀ ਦਾ ਪਾਠਕ ਹੋਣਾ ਹੀ ਸੀ।

ਉਨ੍ਹੀਂ ਦਿਨੀਂ ਭਾਰਤ ਵਿਚ ਕਣਕ ਦਾ ਬੜਾ ਸੰਕਟ ਸੀ। ਪੰਜਾਬ ਦੇ ਕਣਕ ਪੈਦਾ ਕਰਨ ਵਾਲੇ ਨਹਿਰਾਂ ਵਾਲੇ ਜ਼ਿਲ੍ਹੇ ਪਾਕਿਸਤਾਨ ਨੂੰ ਚਲੇ ਗਏ ਸਨ ਤੇ ਅਜੇ ਖੇਤੀ ਦਾ ਮਸ਼ੀਨੀਕਰਨ ਨਹੀਂ ਹੋਇਆ ਸੀ। ਪ੍ਰੀਤਲੜੀ ਵਿਚ ਨਵਤੇਜ ਸਿੰਘ ਹੁਰਾਂ ਉਸ ਸਮੇਂ ਦੇ ਖ਼ੁਰਾਕ ਮੰਤਰੀ ਕਿਦਵਾਈ ਬਾਰੇ ਇਕ ਛੋਟਾ ਲੇਖ ਲਿਖਿਆ, ਜਿਸ ਦਾ ਸਿਰਲੇਖ ਸੀ, "ਕਣਕ ਸੱਚ, ਕਿਦਵਾਈ ਝੂਠ"। ਇਹ ਸਿਰਲੇਖ ਅਜੇ ਤੀਕ ਯਾਦ ਆਉਂਦਾ ਹੈ।

1951 ਵਿਚ ਜੰਡਿਆਲਾ ਗੁਰੂ ਤੋਂ ਮੈਟਰਿਕ ਕਰਕੇ ਕਪੂਰਥਲਾ ਆ ਗਏ। ਇੱਥੇ ਫੱਤੂ ਚੱਕ ਵਿਚ ਪੱਕੀ ਜ਼ਮੀਨ ਅਲਾਟ ਹੋ ਗਈ ਸੀ। ਰਣਧੀਰ ਕਾਲਜ, ਕਪੂਰਥਲਾ 1951 ਤੋਂ 1955 ਤੱਕ ਬੀ.ਏ। ਪਾਸ ਕਰਨ ਤਕ ਪੜ੍ਹਦੇ ਰਹੇ। ਕਾਲਜ ਵਿਚ ਸਟੂਡੈਂਟ ਫੈਡਰੇਸ਼ਨ ਦੇ ਵਰਕਰਾਂ ਨਾਲ ਵਾਹ ਪਿਆ, ਪੜ੍ਹਨ ਪੜ੍ਹਾਉਣ ਦੀ ਰੁਚੀ ਹੋਰ ਵਿਕਸਤ ਹੋਈ। ਸਭ ਕਿਤਾਬਾਂ ਤੇ ਰਿਸਾਲਿਆਂ ਨਾਲੋਂ ਪ੍ਰੀਤਲੜੀ ਨੂੰ ਵਧੇਰੇ ਉਤਸ਼ਾਹ ਨਾਲ ਪੜ੍ਹਦੇ। ਕਮਿਊਨਿਸਟ ਪਾਰਟੀ ਦੇ ਦਫ਼ਤਰ ਵਿਚ ਪੰਜਾਬੀ ਕਵੀ ਜੋਗਿੰਦਰ ਸ਼ਮਸ਼ੇਰ ਰਹਿੰਦਾ ਸੀ। ਉਹ ਪ੍ਰੀਤਲੜੀ ਵਿਚ ਆਪ ਛਪਦਾ ਸੀ। ਇਨ੍ਹਾਂ ਵਰ੍ਹਿਆਂ ਵਿਚ ਪ੍ਰੀਤਲੜੀ ਦੇ ਲਗਾਤਾਰ ਪਾਠ ਨੇ ਜਗੀਰੂ ਰੁਚੀਆਂ, ਵਹਿਮਾਂ-ਭਰਮਾਂ ਤੇ ਧਾਰਮਿਕ ਪਾਖੰਡਾਂ ਨੂੰ ਮਨ ਵਿਚੋਂ ਕੱਢ ਕੇ, ਮੈਨੂੰ ਕਮਿਊਨਿਸਟ ਵਿਚਾਰਧਾਰਾ ਦੇ ਨੇੜੇ ਲਿਆਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ ਤੇ ਸਾਹਿਤ ਪੜ੍ਹਨ, ਰਾਜਸੀ ਮਸਲਿਆਂ ਬਾਰੇ ਸੋਚਣ ਵਿਚਾਰਨ ਤੇ ਸਾਹਿਤ ਰਚਨਾ ਕਰਨ ਦੀ ਚੇਟਕ ਲਾਈ।



ਗੁਰਬਖਸ਼ ਸਿੰਘ ਪ੍ਰੀਤਲੜੀ

ਪਰ ਪ੍ਰੀਤਲੜੀ ਦੀ ਉਸ ਸਮੇਂ ਆਪਣੀ ਇਕ ਸੀਮਾ ਵੀ ਸੀ। ਇਹ ਮਸਲਿਆਂ ਨੂੰ ਡੂੰਘੇਰੀ ਤਰਾਂ ਮਾਰਕਸਵਾਦੀ ਪਦਾਰਥਵਾਦੀ ਨਜ਼ਰੀਏ ਤੋਂ ਖੁੰਭ ਕੇ ਨਹੀਂ ਸੀ ਨਜਿੱਠਦੀ। ਇਸ ਦੀ ਸਮੁੱਚੀ ਸੋਚਣੀ ਉੱਤੇ ਅੱਜ ਵੀ ਆਦਰਸ਼ਵਾਦੀ ਸੁਧਾਰਵਾਦੀ ਵਿਚਾਰਧਾਰਾ ਦਾ ਅਚੇਤ ਪ੍ਰਭਾਵ ਸੀ। ਅਸਲ ਵਿਚ ਇਸ ਦੇ ਸੰਪਾਦਕ ਸੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸੋਚਣੀ ਪੂਰਨ ਭਾਂਤ ਵਿਗਿਆਨਕ ਸਮਾਜਵਾਦੀ ਨਹੀਂ ਸੀ ਬਣੀ। ਉਹ ਹਰ ਮਸਲੇ ਨੂੰ ਜਜ਼ਬਾਤੀ ਪੱਧਰ 'ਤੇ ਅਤੇ ਉਪਰੋਂ ਉਪਰੋਂ ਲੈਂਦੇ ਸਨ। ਨਤੀਜਾ ਇਹ ਹੁੰਦਾ ਸੀ ਕਿ ਚੜ੍ਹਦੀ ਜਵਾਨੀ ਵਿਚ ਪਾਠਕ ਪ੍ਰੀਤਲੜੀ ਦੀ ਰਸੀਲੀ ਸ਼ੈਲੀ ਦਾ ਕੀਲਿਆ ਗੁਰਬਖ਼ਸ਼ ਸਿੰਘ ਦੀ ਜਾਦੂ ਬਿਆਨੀ ਤੋਂ ਪ੍ਰਭਾਵਤ ਹੋ ਕੇ ਸਮਾਜਵਾਦੀ ਸੋਚਣ ਢੰਗ ਦੇ ਕੁਝ ਨੇੜੇ ਤਾਂ ਆ ਜਾਂਦਾ ਸੀ, ਫਿਰ ਇਹ ਕੰਮ ਕਮਿਊਨਿਸਟ ਪਾਰਟੀ ਦਾ ਸੀ ਕਿ ਉਹ ਪ੍ਰੀਤ ਪਾਠਕਾਂ ਨੂੰ ਸਮਾਜਵਾਦੀ ਲਹਿਰ ਦੇ ਵਿਚ ਸਮੋਂ ਲੈਂਦੀ। ਇੰਝ ਕਿਸੇ ਹੱਦ ਤੱਕ ਪ੍ਰੀਤਲੜੀ ਨੇ ਮੇਰੇ ਵਰਗੇ ਕਈ ਨੌਜਵਾਨਾਂ ਨੂੰ ਪਾਰਟੀ ਦੇ ਨੇੜੇ ਲਿਆਉਣ ਦਾ ਵੱਡਮੁੱਲਾ ਕਾਰਜ ਨਿਭਾਇਆ।

ਜਦੋਂ 1955 ਵਿਚ ਬੀ. ਏ. ਕਰਨ ਤੋਂ ਪਿੱਛੋਂ ਰੁਜ਼ਗਾਰ ਦੀ ਪ੍ਰਾਪਤੀ ਦੀ ਜਦੋ-ਜਹਿਦ ਆਰੰਭ ਹੋਈ ਤਾਂ ਵੀ ਪ੍ਰੀਤਲੜੀ ਪੜ੍ਹਨ ਦੀ ਚੇਟਕ ਜਾਰੀ ਰਹੀ। ਪ੍ਰੀਤਲੜੀ ਅਤੇ ਇਸ ਦੇ ਸੰਪਾਦਕ ਸ੍ਰੀ ਗੁਰਬਖ਼ਸ਼ ਸਿੰਘ ਬਾਰੇ ਪਹਿਲੀ ਵਾਰ ਮਨ ਵਿਚ ਕਿੰਤੂ ਉਸ ਸਮੇਂ ਉਤਪੰਨ ਹੋਏ ਜਦੋਂ 1957-58 ਦੇ ਨੇੜੇ-ਤੇੜੇ ਲਾਹੌਰ ਬੁੱਕ ਸ਼ਾਪ ਲੁਧਿਆਣਾ ਦੇ ਮਾਲਕ ਜੀਵਨ ਸਿੰਘ ਨੇ 'ਸਾਹਿਤ ਸਮਾਚਾਰ' ਦਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅੰਕ ਪ੍ਰਕਾਸ਼ਤ ਕੀਤਾ। ਇਸ ਦੇ ਸੰਪਾਦਕੀ ਲੇਖ ਅਤੇ ਕਿਰਪਾਲ ਸਿੰਘ ਆਜ਼ਾਦ ਦੇ ਲੇਖ ਨੇ ਗੁਰਬਖ਼ਸ਼ ਸਿੰਘ ਬਾਰੇ ਵਧੇਰੇ ਡੂੰਘੀ ਤਰ੍ਹਾਂ ਸੋਚਣ ਤੇ ਘੋਖਣ ਦੀ ਇੱਛਾ ਪੈਦਾ ਕੀਤੀ।

ਫੇਰ ਵੀ, ਜਿਉਂ-ਜਿਉਂ ਕਵਿਤਾ ਲਿਖਣ ਦੀ ਰੁੱਚੀ ਵਧਦੀ ਗਈ, ਪ੍ਰੀਤਲੜੀ ਵਿਚ ਛਪਣਾ ਇਕ ਪ੍ਰਾਪਤੀ ਪ੍ਰਤੀਤ ਹੁੰਦੀ ਸੀ। ਉਂਝ ਵੀ ਗੁਰਬਖ਼ਸ਼ ਸਿੰਘ ਹੁਰਾਂ ਨਾਲੋਂ ਨਵਤੇਜ ਸਿੰਘ ਹੁਰੀਂ ਵਧੇਰੇ ਮਿਲਣਸਾਰ ਤੇ ਘੁੰਮਣ ਫਿਰਨ ਵਾਲੇ ਲੇਖਕ ਸਨ। ਉਨ੍ਹਾਂ ਦੇ ਨਿੱਘੇ ਸੁਭਾਅ ਸਦਕਾ ਤੇ ਕਲਾ ਨੂੰ ਪਛਾਣ ਲੈਣ ਦੀ ਉਨ੍ਹਾਂ ਦੀ ਯੋਗਤਾ ਸਦਕਾ, ਮੈਨੂੰ ਬਹੁਤ ਵਾਰ ਪ੍ਰੀਤਲੜੀ ਵਿਚ ਛਪਣ ਦੀ ਖੁਸ਼ੀ ਨਸੀਬ ਹੋਈ। ਉਂਝ ਵੀ ਛੇਵੇਂ ਦਹਾਕੇ ਵਿਚ ਪੰਜਾਬੀ ਵਿਚ ਉਚੇਰੀ ਪੱਧਰ ਵਾਲੇ ਸਾਹਿਤਕ ਰਸਾਲਿਆਂ ਦੀ ਬੜੀ ਘਾਟ ਸੀ ਤੇ ਪ੍ਰੀਤਲੜੀ ਵਿਚ ਛਪਣਾ ਇਕ ਪ੍ਰਮਾਣ ਪੱਤਰ ਪ੍ਰਾਪਤ ਕਰਨਾ ਸਮਝਿਆ ਜਾਂਦਾ ਸੀ।

ਇਸ ਸਦੀ ਦੇ ਸੱਤਵੇਂ ਦਹਾਕੇ ਵਿਚ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਤੇ ਸੰਸਾਰ ਕਮਿਊਨਿਸਟ ਪ੍ਰਸ਼ਨਾਂ ਬਾਰੇ ਵਾਦ-ਵਿਵਾਦ ਤਿੱਖਾ ਹੋ ਰਿਹਾ ਸੀ। ਰਹਿੰਦੀ ਕਸਰ ਹਿੰਦ-ਚੀਨ ਦੇ ਸਰਹੱਦੀ ਝਗੜੇ ਨੇ ਪੂਰੀ ਕਰ ਦਿੱਤੀ। ਭਾਰਤ ਦੀ ਕਮਿਊਨਿਸਟ ਲਹਿਰ ਪੂਰੀ ਤਰ੍ਹਾਂ ਦੋਫਾੜ ਹੋ ਗਈ ਤੇ ਗੁਰਬਖ਼ਸ਼ ਸਿੰਘ ਅਤੇ ਪ੍ਰੀਤ ਪਰਿਵਾਰ ਸੀ.ਪੀ.ਆਈ. ਦਾ ਸਮਰਥਕ ਬਣ ਗਿਆ। ਮੇਰੇ ਵਰਗੇ ਨਵੇਂ ਲੇਖਕਾਂ ਲਈ ਇਕ ਦੁਫੇੜ ਇਕ ਵੱਡੋ ਘਟਨਾ ਸੀ। ਖ਼ੈਰ, ਪ੍ਰੀਤਲੜੀ ਨਾਲੋਂ ਦੂਰੀ ਵਧਦੀ ਗਈ, ਭਾਵੇਂ ਕਿ ਸਾਹਿਤਕ ਲਹਿ ਦੇ ਦੁਫੇੜ ਤੋਂ ਕਿਸੇ ਹੱਦ ਤੱਕ ਬਚੀ ਰਹਿਣ ਕਾਰਣ, ਸਾਹਿਤਕ ਕਾਨਫਰੰਸਾਂ, ਗੋਸ਼ਟੀਆਂ ਉੱਤੇ ਨਵਤੇਜ ਸਿੰਘ ਨਾਲ ਸੰਪਰਕ ਬਣਿਆ ਰਿਹਾ। ਪੰਜਾਬ ਵਿਚ ਦੁਫੇੜ ਦੇ ਸਿੱਟੇ ਵਜੋਂ, ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲੋਂ ਹਫ਼ਤਾਵਾਰ ਲੋਕ ਲਹਿਰ ਜਲੰਧਰ ਤੋਂ 1964 ਦੇ ਵਿਚਕਾਰ ਛਪਣਾ ਆਰੰਭ ਹੋਇਆ। ਇਸ ਵਿਚ ਪ੍ਰੋ। ਸੁਰਿੰਦਰ ਗਿੱਲ ਵਲੋਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸੋਚਣੀ ਬਾਰੇ ਛਿੜੀ ਬਹਿਸ ਵਿਚ ਮੈਂ ਵੀ ਇਕ ਲੇਖ, 1967 ਦੇ ਮੱਧ ਵਿਚ ਲਿਖਿਆ। ਇਹ ਲੇਖ ਖੁੱਲ੍ਹੀ ਚਿੱਠੀ ਦੇ ਰੂਪ ਵਿਚ ਸੀ ਤੇ ਇਹ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸੰਬੋਧਨ ਸੀ, ਜਿਸ ਵਿਚ ਉਨ੍ਹਾਂ ਦੀ ਸਿਆਸੀ ਵਿਚਾਰਧਾਰਕ ਸਮਝ ਤੇ ਲੇਖਣੀ ਬਾਰੇ ਪ੍ਰਸ਼ਨ ਉਠਾਏ ਗਏ ਸਨ। ਇਸ ਚਿੱਠੀ ਦੇ ਛਪਣ ਸਦਕਾ ਪ੍ਰੀਤਲੜੀ ਨਾਲ ਸੰਬੰਧ ਲਗਭਗ ਟੁੱਟ ਗਏ। ਜਦੋਂ ਕੁਝ ਸਾਲਾਂ ਪਿੱਛੋਂ ਰਾਜਸੀ ਤੇ ਵਿਚਾਰਧਾਰਕ ਵਾਦ-ਵਿਵਾਦ ਕੁੱਝ ਮੱਠ ਹੋਇਆ ਤਾਂ ਨਵਤੇਜ ਸਿੰਘ ਹੁਰਾਂ ਦੀ ਖੁੱਲ੍ਹ-ਦਿਲੀ ਸਦਕਾ ਪ੍ਰੀਤਲੜੀ ਵਿਚ ਛਪਣ ਦਾ ਸਿਲਸਿਲਾ ਦੁਬਾਰਾ ਆਰੰਭ ਹੋ ਗਿਆ। ਮੇਰੇ ਪਹਿਲੇ ਕਾਵਿ ਸੰਗ੍ਰਹਿ 'ਮਾਰਗ' ਦਾ ਰਿਵਿਊ ਪ੍ਰੀਤਲੜੀ ਵਿਚ ਛਪਿਆ।


ਇਨ੍ਹੀਂ ਦਿਨੀਂ ਪ੍ਰੀਤਲੜੀ ਵਿਚਲੇ ਛਪੇ ਮੈਟਰ 'ਚੋਂ ਪਾਠਕਾਂ ਲਈ ਖਿੱਚ ਦਾ ਮੁੱਖ ਕਾਰਣ ਨਵਤੇਜ ਸਿੰਘ ਦੁਆਰਾ ਲਿਖਿਆ ਜਾਂਦਾ ਕਾਲਮ 'ਮੇਰੀ ਧਰਤੀ ਮੇਰੇ ਲੋਕ ਸੀ, ਜਿਸ ਵਿਚ ਉਹ ਦੇਸ਼ ਭਰ ਵਿਚ ਵਾਪਰ ਰਹੀਆਂ ਦਿਲਚਸਪ ਘਟਨਾਵਾਂ, ਖ਼ਬਰਾਂ ਬਾਰੇ ਸਾਹਿਤਕ ਸ਼ੈਲੀ ਵਿਚ ਟਿੱਪਣੀ ਕਰਦੇ ਸਨ। ਏਸੇ ਕਾਲਮ ਅਧੀਨ ਉਨ੍ਹਾਂ ਨੇ ਇਕ ਖ਼ਬਰ ਦੇ ਆਧਾਰ 'ਤੇ ਮੇਰੇ ਬਾਰੇ ਪ੍ਰਸ਼ੰਸਾ ਭਰਿਆ ਕਾਲਮ ਲਿਖਿਆ ਜਿਸ ਵਿਚ ਉਨ੍ਹਾਂ ਨੇ ਐਮਰਜੈਂਸੀ ਵਿਚ ਮੇਰੇ ਨਾਲ ਹੋਈਆਂ ਵਧੀਕੀਆਂ ਬਾਰੇ ਤੇ ਇਨ੍ਹਾਂ ਵਧੀਕੀਆਂ ਦੀ ਪੜਤਾਲ ਬਾਰੇ ਬਣਾਏ ਕਮਿਸ਼ਨ ਉੱਤੇ ਟੀਕਾ ਟਿੱਪਣੀ ਕੀਤੀ ਸੀ। ਇਹ ਕਾਲਮ ਉਨ੍ਹਾਂ ਨੇ ਜਨਵਰੀ 1979 ਦੀ ਪ੍ਰੀਤਲੜੀ ਵਿਚ ਲਿਖਿਆ ਸੀ, ਜਿਹੜਾ ਮੈਂ ਚੰਡੀਗੜ੍ਹ ਦੀ ਜੇਲ੍ਹ-ਯਾਤਰਾ ਬਾਰੇ ਛਪੀ ਆਪਣੀ ਵਾਰਤਕ ਦੀ ਪੁਸਤਕ 'ਜੇਲ੍ਹ ਅੰਦਰ ਜੇਲ੍ਹ ਦੀ ਅੰਤਿਕਾ ਵਜੋਂ ਸਤਿਕਾਰ ਸਹਿਤ ਛਾਪਿਆ।

ਅੱਜ ਵੀ ਪ੍ਰੀਤਲੜੀ ਵਿਚ ਛਪਣ ਨਾਲ ਮੈਨੂੰ ਖ਼ੁਸ਼ੀ ਹੁੰਦੀ ਹੈ। ਇਸ ਦਾ ਮੁੱਖ ਕਾਰਣ ਸ਼ਾਇਦ ਇਹ ਹੈ ਕਿ ਇਹ ਇਕ ਪੁਰਾਣਾ ਮਾਸਿਕ ਪੱਤਰ ਹੈ, ਜਿਹੜਾ ਦੁਨੀਆਂ ਦੇ ਦੂਰ-ਦੁਰਾਡੇ ਦੇਸ਼ਾਂ ਵਿਚ ਪਹੁੰਚਦਾ ਹੈ। ਦੂਰ ਬੈਠੇ ਸਾਹਿਤ ਦੇ ਪਾਠਕਾਂ ਤੀਕ ਸਿਰਫ਼ ਇਕ ਸਥਾਪਿਤ ਪਤ੍ਰਿਕਾ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਨਵੇਂ ਪਰਚੇ ਥੋੜ੍ਹਾ ਸਮਾਂ ਛਪ ਕੇ ਬੰਦ ਹੋ ਜਾਂਦੇ ਹਨ, ਐਪਰ ਪ੍ਰੀਤਲੜੀ ਪਿਛਲੇ 55 ਸਾਲਾਂ ਤੋਂ ਨਿਰੰਤਰ ਛਪਦਾ ਆ ਰਿਹਾ ਹੈ ਤੇ ਇਸ ਨੇ ਸਾਹਿਤਕ ਹਲਕਿਆਂ ਵਿਚ ਇਕ ਸੰਸਥਾ ਦਾ ਰੂਪ ਧਾਰਨ ਕਰ ਲਿਆ ਹੈ। ਮੇਰੇ ਸਾਹਿਤਕ ਵਿਕਾਸ ਤੇ ਸਥਾਪਤੀ ਵਿਚ ਇਸ ਪਰਚੇ ਦਾ ਵੱਡਮੁੱਲਾ ਹਿੱਸਾ ਹੈ।

**ਅੱਜ ਵੀ ਪ੍ਰੀਤਲੜੀ ਵਿਚ ਛਪਣ ਨਾਲ ਮੈਨੂੰ ਖ਼ੁਸ਼ੀ ਹੁੰਦੀ ਹੈ। ਇਸ ਦਾ ਮੁੱਖ ਕਾਰਣ ਸ਼ਾਇਦ ਇਹ ਹੈ ਕਿ ਇਹ ਇਕ ਪੁਰਾਣਾ ਮਾਸਿਕ ਪੱਤਰ ਹੈ, ਜਿਹੜਾ ਦੁਨੀਆਂ ਦੇ ਦੂਰ-ਦੁਰਾਡੇ ਦੇਸ਼ਾਂ ਵਿਚ ਪਹੁੰਚਦਾ ਹੈ। ਦੂਰ ਬੈਠੇ ਸਾਹਿਤ ਦੇ ਪਾਠਕਾਂ ਤੀਕ ਸਿਰ.ਫ ਇਕ ਸਥਾਪਿਤ ਪਤ੍ਰਿਕਾ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਨਵੇਂ ਪਰਚੇ ਥੋੜ੍ਹਾ ਸਮਾਂ ਛਪ ਕੇ ਬੰਦ ਹੋ ਜਾਂਦੇ ਹਨ, ਐਪਰ ਪ੍ਰੀਤਲੜੀ ਪਿਛਲੇ 55 ਸਾਲਾਂ ਤੋਂ ਨਿਰੰਤਰ ਛਪਦਾ ਆ ਰਿਹਾ ਹੈ ਤੇ ਇਸ ਨੇ ਸਾਹਿਤਕ ਹਲਕਿਆਂ ਵਿਚ ਇਕ ਸੰਸਥਾ ਦਾ ਰੂਪ ਧਾਰਨ ਕਰ ਲਿਆ ਹੈ। ਮੇਰੇ ਸਾਹਿਤਕ ਵਿਕਾਸ ਤੇ ਸਥਾਪਤੀ ਵਿਚ ਇਸ ਪਰਚੇ ਦਾ ਵੱਡਮੁੱਲਾ ਹਿੱਸਾ ਹੈ।**

ਕਾਲਜ ਡਾਇਰੀ

# ਕੋਈ ਮੌਤ ਚੁਣਦਾ ਹੈ, ਕੋਈ ਰਿਸ਼ਵਤ ਪਰ...



ਬਲਵਿੰਦਰ ਚਹਿਲ

ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਬਰੜਵਾਲ (ਧੂਰੀ) ਦੀ ਇੱਕ ਅਧਿਆਪਕਾ ਉੱਪਰ ਰਿਸ਼ਵਤ ਲੈਣ ਦੇ ਇਲਜ਼ਾਮ ਲੱਗੇ ਹਨ। ਨਿਰਸੰਦੇਹ, ਇਹ ਇੱਕ ਮਾੜਾ ਘਟਨਾਕ੍ਰਮ ਹੈ। ਇਸ ਨਾਲ ਅਧਿਆਪਨ ਵਰਗੇ ਕਿੱਤੇ ਦੀ ਸਾਖ਼ ਡਿੱਗਦੀ ਹੈ ਪਰ ਸਿੱਖਿਆ ਦੇ ਖੇਤਰ 'ਚ ਇਸ ਤੋਂ ਵੀ ਵੱਡੇ ਮਸਲੇ ਪੇਸ਼ ਪੇਸ਼ ਹਨ ਜੋ ਕਿ ਖ਼ਬਰ ਤੱਕ ਨਹੀਂ ਬਣਦੇ। ਮੈਂ ਸੰਬੰਧਿਤ ਅਧਿਆਪਕਾ ਦੁਆਰਾ ਕੀਤੇ ਕੰਮ ਨੂੰ ਸਹੀ ਨਹੀਂ ਕਹਿ ਰਿਹਾ, ਪਤਾ ਲੱਗਾ ਹੈ ਕਿ ਅਧਿਆਪਕਾ ਐਡਹਾਕ 'ਤੇ ਲੱਗੀ ਹੋਈ ਹੈ। ਖ਼ਬਰ ਮੁਤਾਬਿਕ ਵਿਆਹੀ ਹੋਈ ਹੈ ਤੇ ਇੱਕ ਬੱਚੇ ਦੀ ਮਾਂ ਵੀ ਹੈ। ਸੋ ਬਹੁਤ ਛੋਟੀ ਉਮਰ ਦੀ ਤਾਂ ਨਹੀਂ ਹੋਵੇਗੀ। ਪਤਾ ਨਹੀਂ ਕਿੰਨੇ ਕੁ ਸਾਲਾਂ ਤੋਂ ਐਡਹਾਕਇਜ਼ਮ ਦੀ ਝੰਬੀ ਹੋਵੇਗੀ। ਮੈਂ ਉਸਨੂੰ ਤਾਂ ਨਹੀਂ ਜਾਣਦਾ ਪਰ ਉਸਦੀ ਜੌਬ ਨੇਚਰ ਨਾਲ ਸਵਾ ਦਹਾਕੇ ਤੋਂ ਵੱਧ ਸਮੇਂ ਦਾ ਵਾਸਤਾ ਹੈ। ਨੈੱਟ/ ਪੀ. ਐਚ. ਡੀ. ਕਰਕੇ ਵਿਦਿਆਰਥੀ ਬੇਰੁਜ਼ਗਾਰੀ ਨਾਲ ਘੁਲ ਰਹੇ ਹਨ। ਪਿਛਲੇ 27 ਸਾਲਾਂ ਤੋਂ ਪੰਜਾਬ ਦੇ ਸਰਕਾਰੀ ਕਾਲਜਾਂ 'ਚ ਭਰਤੀ ਨਹੀਂ ਹੋਈ। ਜੇ ਕੋਈ ਭਰਤੀ ਨਿਕਲਦੀ ਵੀ ਹੈ ਤਾਂ ਪੂਰ ਨਹੀਂ ਚੜ੍ਹਦੀ। ਦੋਸ਼ੀ ਅਫ਼ਸਰਾਂ ਨੂੰ ਸਜ਼ਾ ਦੇਣ ਦੀ ਬਜਾਇ ਮਲਾਈ ਵਾਲੇ ਵਿਭਾਗ ਦਿੱਤੇ ਜਾਂਦੇ ਨੇ ਤੇ ਬੇਰੁਜ਼ਗਾਰਾਂ ਨੂੰ ਸਜ਼ਾ ਮਿਲਦੀ ਹੈ। ਜਿਨ੍ਹਾਂ ਨੂੰ ਕਾਲਜ 'ਚ ਨੌਕਰੀ ਮਿਲਦੀ ਹੈ ਉਹ ਰੈਗੂਲਰ ਨਹੀਂ ਹੁੰਦੀ ਸਗੋਂ ਕੰਟਰੈਕਚੂਅਲ, ਟੈਮਪਰੇਰੀ, ਐਡਹਾਕ, ਪਾਰਟ-ਟਾਇਮਰ, ਗੈਸਟ-ਫੈਕਲਟੀ (ਲੈਕਚਰ ਬੇਸਿਡ), ਗੈਸਟ-ਫੈਕਲਟੀ (ਉੱਕਾ-ਪੁੱਕਾ), ਗੈਸਟ-ਫੈਕਲਟੀ (ਫਿਕਸਡ), ਰਿਸੋਰਸ ਪਰਸਨ, ਇੰਸਟ੍ਰੱਕਟਰ, .... ਫ਼ਲਾਂ ਫ਼ਲਾਂ ਹੁੰਦੀ ਹੈ। ਜਿਹੜੇ ਕਿ ਨਾਮ ਦੇ ਪ੍ਰੋਫ਼ੈਸਰ ਹੁੰਦੇ ਹਨ ਉਂਝ ਕਿਸੇ ਵੀ ਹੋਰ ਦਿਹਾੜੀਦਾਰ ਤੋਂ ਘੱਟ ਤਨਖ਼ਾਹ 'ਤੇ ਕੰਮ ਕਰਦੇ ਹਨ।

ਕਦੇ ਕਿਸੇ ਨੇ ਪੁੱਛਿਆ ਹੈ ਕਿ ਬੱਚਿਆਂ ਤੋਂ ਫ਼ੀਸ ਪੂਰੀ ਲਈ ਜਾਂਦੀ ਹੈ ਤੇ ਲੋਕ ਹੋਰ ਤਰ੍ਹਾਂ ਦੇ ਟੈਕਸ ਵੀ ਭਰਦੇ ਹਨ ਪਰ ਕਾਲਜਾਂ 'ਚ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਇਹ ਅੱਧੀ ਅਧੂਰੀ ਤਨਖ਼ਾਹ ਕਿਉਂ ? ਕਾਲਜਾਂ ਦੇ ਕੱਚੇ ਅਧਿਆਪਕਾਂ ਦੇ ਵੀ ਢਿੱਡ ਹਨ, ਜੇ ਮੇਰੀ ਗੱਲ 'ਤੇ ਯਕੀਨ ਨਹੀਂ ਤਾਂ ਪਰਦੇ 'ਚ ਲਿਜਾ ਕੇ ਦੇਖਣਾ ਕਿ ਉਨ੍ਹਾਂ ਦੇ ਢਿੱਡ ਨਾਮ ਦਾ ਅੰਗ ਲੱਗਾ ਹੋਇਆ ਹੈ। ਉਨ੍ਹਾਂ ਦੇ ਬੱਚਿਆਂ ਦੇ ਵੀ ਚਾਅ ਹਨ। ਕੱਚੇ ਅਧਿਆਪਕਾਂ ਨੂੰ ਰੁਜ਼ਗਾਰ ਵੀ ਸੱਤ ਅੱਠ ਮਹੀਨੇ ਹੀ ਮਿਲਦਾ ਹੈ! ਕੀ ਗੱਲ ਬਾਕੀ ਮਹੀਨੇ ਉਨ੍ਹਾਂ ਨੂੰ ਭੁੱਖ ਨਹੀਂ ਲੱਗਦੀ? ਪ੍ਰਾਈਵੇਟ ਤੇ ਏਡਿਡ ਕਾਲਜਾਂ ਦੇ ਅਧਿਆਪਕਾਂ ਦਾ ਹੋਰ ਵੀ ਬੁਰਾ ਹਾਲ ਹੁੰਦਾ ਹੈ। ਦੋ ਕੁ ਸਾਲ ਪਹਿਲਾਂ ਲੌਂਗੋਵਾਲ ਦੇ ਇੱਕ ਕਾਲਜ ਕਲਰਕ ਨੇ ਤਨਖਾਹ ਨਾ ਮਿਲਣ ਕਰਕੇ ਕਾਲਜ ਦੇ ਦਫ਼ਤਰ 'ਚ ਹੀ ਖੁਦਕੁਸ਼ੀ ਕਰ ਲਈ ਸੀ। ਪਰ ਇਹ ਕੋਈ ਖ਼ਬਰ ਨਹੀਂ ਬਣੀ ਤੇ ਨਾ ਹੀ ਯੂਨੀਵਰਸਿਟੀ ਵੱਲੋਂ ਕੋਈ ਪ੍ਰੈੱਸ ਕਾਨਫ਼ਰੰਸ ਹੋਈ। ਆਪਣੀਆਂ ਜ਼ਾਇਜ ਮੰਗਾਂ ਨੂੰ ਲੈ ਕੇ ਪੰਜਾਬੀ ਯੂਨੀਵਰਸਿਟੀ ਦੇ ਹੀ ਇੱਕ ਕਾਲਜ ਦੀ ਅਧਿਆਪਕਾ ਨੂੰ ਯੂਨੀਵਰਸਿਟੀ 'ਚ ਆ ਕੇ ਆਤਮਦਾਹ ਕਰਨ ਦੀ ਚੇਤਾਵਨੀ ਦੇਣੀ ਪਈ ਸੀ। ਲੰਬੀ ਲਿਸਟ ਹੈ ਅਜਿਹੀਆਂ ਮਿਸਾਲਾਂ ਦੀ....। ਯੂਨੀਵਰਸਿਟੀਆਂ ਕਾਲਜਾਂ 'ਚ ਹੁੰਦੇ ਵੱਡੇ ਵੱਡੇ ਕਾਂਡਾਂ 'ਤੇ ਉਦੋਂ ਪਰਦਾ ਪਾ ਦਿੱਤਾ ਜਾਂਦਾ ਹੈ ਜਦ ਰੈਗੂਲਰ ਕਰਮਚਾਰੀ ਦੀ ਗੱਲ ਆਉਂਦੀ ਹੈ। ਕੀ ਰਵੀ ਸਿੱਧੂ ਕੇਸ 'ਚ ਇੱਕਲਾ ਰਵੀ ਸਿੱਧੂ ਦੋਸ਼ੀ ਸੀ? ਉਸ ਨਾਲ ਸ਼ਾਮਿਲ ਬਾਕੀ ਕੌਣ ਸਨ? ਜੇ ਇਨ੍ਹਾਂ ਸੰਸਥਾਵਾਂ 'ਚ ਹੁੰਦੇ 'ਕਾਰਨਾਮੇ' ਦੱਸਾਂ ਤਾਂ ਲੋਕਾਂ ਦਾ ਪੜ੍ਹਾਈ ਵਰਗੀ ਚੀਜ਼ ਤੋਂ ਵਿਸ਼ਵਾਸ ਉੱਠ ਜਾਵੇਗਾ। ਕਦੇ ਫਿਰ ਸਹੀ.... ਕੱਚੇ ਅਧਿਆਪਕਾਂ ਦੀ ਮਾਨਸਿਕ ਹਾਲਾਤ ਕਦੇ ਕਿਸੇ ਨੇ ਨਹੀਂ ਜਾਣੀ, ਜਦ ਰੁਜ਼ਗਾਰ ਹੀ ਸੁਰੱਖਿਅਤ ਨਹੀਂ ਤਾਂ ਅਧਿਆਪਕ ਤੋਂ ਕਿਸ ਸਮਾਜ ਦੇ ਨਿਰਮਾਣ ਦੀ ਆਸ ਕੀਤੀ ਜਾ ਸਕਦੀ ਹੈ।

ਅਧਿਆਪਕ ਪੈਗੰਬਰ ਨਹੀਂ ਹੁੰਦਾ ਇੱਕ ਇਨਸਾਨ ਹੁੰਦਾ ਹੈ, ਜਿਉਂਦਾ ਜਾਗਦਾ ਇਨਸਾਨ ਜਿਸਦਾ ਪਰਿਵਾਰ ਵੀ ਹੁੰਦਾ ਹੈ। ਬਰੜਵਾਲ (ਧੂਰੀ) ਵਾਲੇ ਕਾਂਡ 'ਤੇ ਬੋਲਣ ਤੋਂ ਪਹਿਲਾਂ ਅੰਤਰਝਾਤ ਜ਼ਰੂਰੀ ਹੈ। ਲੋੜ ਜ਼ਖ਼ਮ ਠੀਕ ਕਰਨ ਦੀ ਹੈ, ਫਿਰ ਅੰਗ ਕੱਟਣ ਦੀ ਲੋੜ ਨਹੀਂ ਪਵੇਗੀ। ਧੂਰੀ ਵਾਲਾ ਕਾਂਡ ਸਾਡੇ ਵਿਦਿਅਕ ਸਿਸਟਮ ਦੇ ਮੂੰਹ 'ਤੇ ਵੱਜੀ ਚਪੇੜ ਹੈ। ਬੇਰੁਜ਼ਗਾਰੀ ਜਾਂ ਕੱਚੇ ਰੁਜ਼ਗਾਰ ਦਾ ਝੰਬਿਆ ਬੰਦਾ ਜਾਂ ਤਾਂ ਖ਼ੁਦਕੁਸ਼ੀ ਦਾ ਰਾਹ ਚੁਣਦਾ ਹੈ ਜਾਂ ਰਿਸ਼ਵਤ ਵਰਗਾ ਗਲਤ ਰਾਸਤਾ ਚੁਣਦਾ ਹੈ ਪਰ ਲੋੜ ਸੰਘਰਸ਼ ਦਾ ਰਾਸਤਾ ਚੁਣਨ ਦੀ ਹੈ। ਕੁਝ ਲੋਕ ਇਹ ਰਾਸਤਾ ਚੁਣਦੇ ਵੀ ਹਨ। ਤੁਸੀਂ ਕਿਹੜਾ ਰਾਸਤਾ ਚੁਣਿਆ ਹੈ?





# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਦਚਦਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ˜ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਕੂ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ ਧਵਫ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਪੰਜਲ ਫੈਮਿਲੀ : 604-761-8454, 778-837-3502

***************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ ਲੜਕੀ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੇਂਸ ਅਡਵਾਈਜ਼ਰ ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 236-591-2719

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਇਕ ਮੰਗਤਾ, ਜਿਸ ਨੇ ਨੋਟਾਂ ਦੀ ਸ਼ੁਰੂਆਤ ਕਰਵਾਈ

**ਪੇਸ਼ਕਸ਼ : ਭੁਪਿੰਦਰਪਾਲ ਸਿੰਘ**

ਅੱਜ ਸਾਡੇ ਲਈ ਪੰਜ, ਦਸ, ਸੌ ਜਾਂ ਇਸ ਤੋਂ ਵੀ ਵੱਡੀ ਕੀਮਤ ਦੇ ਨੋਟ ਪ੍ਰਚਲਿਤ ਹਨ। ਇਸ ਤਰ੍ਹਾਂ ਦੇ ਨੋਟਾਂ ਦੇ ਚਲਣ ਤੋਂ ਪਹਿਲਾਂ ਅਜਿਹੀ ਕਲਪਨਾ ਕਰਨੀ ਵੀ ਹਾਸੇ ਦਾ ਵਿਸ਼ਾ ਸੀ। ਜੇ ਅਸੀਂ ਕਹੀਏ ਕਿ ਇਸ ਤਰ੍ਹਾਂ ਦੇ ਨੋਟਾਂ ਦੇ ਚਲਣ ਦਾ ਜਨਮਦਾਤਾ ਕਿ ਸਾਧਾਰਨ ਮੰਗਤਾ ਸੀ ਤਾਂ ਕੌਣ ਯਕੀਨ ਕਰੇਗਾ। ਪ੍ਰੰਤੂ ਸੱਚ ਇਹੀ ਹੈ। ਕਾਗਜ਼ੀ ਨੋਟਾਂ ਦਾ ਜਨਮਦਾਤਾ ਥਾਮਸ ਹੀ ਲਾ ਰੂ, ਲੰਡਨ ਦੇ ਨੇੜੇ ਦੇ ਪਿੰਡ ਵਿਚ ਰਹਿਣ ਵਾਲਾ ਇਕ ਬੇਹੱਦ ਸਾਧਾਰਨ ਆਦਮੀ ਸੀ, ਜੋ ਕਿ ਬਾਅਦ ਵਿਚ ਲੰਡਨ ਦੇ ਗਿਰਜਾਘਰਾਂ ਦੇ ਮੂਹਰੇ ਖੜ੍ਹਾ ਹੋ ਕੇ ਭੀਖ ਮੰਗਿਆ ਕਰਦਾ ਸੀ। ਥਾਮਸ ਰੂ ਦਾ ਜਨਮ 24 ਮਾਰਚ, 1783 ਵਿਚ ਹੋਇਆ ਸੀ। ਘਰ ਦੀ ਗ਼ਰੀਬੀ ਦੇ ਕਾਰਨ ਉਸ ਨੂੰ ਦਸ ਸਾਲ ਦੀ ਛੋਟੀ ਉਮਰ 'ਚ ਹੀ ਨੌਕਰੀ ਦੀ ਭਾਲ ਕਰਨੀ ਪਈ। ਉਨ੍ਹਾਂ ਦਿਨਾਂ ਵਿਚ ਛਾਪੇਖਾਨੇ ਦਾ ਕੰਮ ਨਵਾਂ-ਨਵਾਂ ਹੀ ਸ਼ੁਰੂ ਹੋਇਆ ਸੀ ਅਤੇ ਅਮੀਰ ਇਸ ਵਪਾਰ 'ਚ ਪੈਸਾ ਲਾਉਣ ਲਈ ਤਿਆਰ ਰਹਿੰਦੇ ਸਨ। ਪ੍ਰਿੰਟਿਗ ਪ੍ਰੈੱਸ ਦੇ ਰੌਸ਼ਨ ਭਵਿੱਖ ਦਾ ਵਿਚਾਰ ਕਰ ਕੇ ਥਾਮਸ ਰੂ ਲੰਡਨ ਨੇੜੇ ਖੁੱਲ੍ਹੇ ਪ੍ਰੈੱਸ ਵਿਚ ਨੌਕਰੀ 'ਤੇ ਲੱਗ ਗਿਆ। ਇਸ ਥਾਂ 'ਤੇ ਉਸ ਨੇ ਦਸ ਸਾਲ ਨੌਕਰੀ ਕੀਤੀ ਅਤੇ ਪ੍ਰੈੱਸ ਸੰਬੰਧੀ ਸਾਰਾ ਕੰਮ ਚੰਗੀ ਤਰ੍ਹਾਂ ਸਿੱਖ ਲਿਆ। ਪ੍ਰੰਤੂ ਉਸ ਨੂੰ ਮਾਲਕ ਵਲੋਂ ਨਾ ਤਾਂ ਕੋਈ ਹੌਸਲਾ ਹੀ ਮਿਲਿਆ ਅਤੇ ਨਾ ਹੀ ਤਨਖਾਹ 'ਚ ਕਿਸੇ ਤਰ੍ਹਾਂ ਦੀ ਖ਼ਾਸ ਤਰੱਕੀ ਮਿਲੀ। ਨੌਕਰੀ ਛੱਡ ਕੇ ਥਾਮਸ ਰੂ ਲੰਡਨ ਨੇੜੇ ਇਕ ਹੋਰ ਪ੍ਰੈੱਸ 'ਚ ਪੰਜ ਸਾਲਾਂ ਤੱਕ ਜੀਅ ਤੋੜ ਮਿਹਨਤ ਕਰਦਾ ਰਿਹਾ, ਪ੍ਰੰਤੂ ਅਖੀਰ ਉਹ ਨੌਕਰੀ ਵੀ ਉਸ ਨੇ ਛੱਡ ਦਿੱਤੀ ਅਤੇ ਲੰਡਨ ਜਾ ਪਹੁੰਚਿਆ। ਲੰਡਨ ਜਿਹੇ ਵੱਡੇ ਸ਼ਹਿਰ ਵਿਚ ਕੀ ਕੀਤਾ ਜਾਵੇ, ਇਹ ਥਾਮਸ ਰੂ ਦੇ ਲਈ ਇਕ ਸਮੱਸਿਆ ਸੀ। ਉਥੋਂ ਦੇ ਪ੍ਰਿੰਟਿਗ ਪ੍ਰੈੱਸਾਂ ਨੇ ਰੂ ਨੂੰ ਨੌਕਰੀ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਨਿਰਾਸ਼ ਹੋ ਕੇ ਰੂ ਸੜਕ ਤੋਂ ਰੱਦੀ ਇਕੱਠੀ ਕਰ ਕੇ ਉਨ੍ਹਾਂ ਦੇ ਟੋਪ ਬਣਾ ਕੇ ਵੇਚਣ ਲੱਗਾ ਪਰ ਇਹ ਧੰਦਾ ਵੀ ਨਾ ਚੱਲ ਸਕਿਆ। ਕੁਝ ਦਿਨਾਂ ਤੱਕ ਉਹ ਕਾਗਜ਼ ਦੇ ਫੁੱਲ ਬਣਾ ਕੇ ਵੇਚਦਾ ਰਿਹਾ ਪ੍ਰੰਤੂ ਇਸ ਕੰਮ 'ਚ ਵੀ ਦੋ ਵਕਤ ਦੀ ਰੋਟੀ ਜੁਟਾਉਣੀ ਮੁਸ਼ਕਿਲ ਹੋ ਗਈ। ਆਖਿਰ 'ਚ ਉਸ ਨੂੰ ਹਾਲਤਾਂ ਨੇ ਭੀਖ ਮੰਗਣ ਲਈ ਮਜਬੂਰ ਕਰ ਦਿੱਤਾ। ਇਕ ਦਿਨ ਨਿਰਾਸ਼ ਅਤੇ ਦੁਖੀ ਮਨ ਨਾਲ ਉਹ ਗਿਰਜੇ ਦੇ ਸਾਹਮਣੇ ਬੈਠਾ ਸੀ ਕਿ ਉਸ ਦੀ ਮੁਲਾਕਾਤ ਰਿਚਰਡ ਬੈਸਟ ਨਾਂਅ ਦੇ ਮਸ਼ਹੂਰ ਚਿੱਤਰਕਾਰ ਨਾਲ ਹੋਈ। ਥਾਮਸ ਰੂ ਨੇ ਗੱਲਬਾਤ ਦੇ ਦੌਰਾਨ ਬੈਸਟ ਨੂੰ ਆਪਣੀ ਰਾਮ ਕਹਾਣੀ ਸੁਣਾ ਦਿੱਤੀ। ਬੈਸਟ ਦੇ ਮਨ 'ਚ ਆਪਣੇ ਚਿੱਤਰਾਂ ਨੂੰ ਛਪਵਾਉਣ ਦਾ ਬਹੁਤ ਸ਼ੌਕ ਸੀ, ਪ੍ਰੰਤੂ ਉਸ ਸਮੇਂ ਲੰਡਨ ਵਿਚ ਇਕ ਵੀ ਪ੍ਰੈੱਸ ਅਜਿਹਾ ਨਹੀਂ ਸੀ, ਜੋ ਕਿ ਚਿੱਤਰ ਛਾਪ ਸਕੇ। ਉਨ੍ਹੀਂ ਦਿਨੀਂ ਰਿਚਰਡ ਬੈਸਟ ਇਸੇ ਚੱਕਰ ਵਿਚ ਸੀ ਕਿ ਉਹ ਖ਼ੁਦ ਹੀ ਕੋਈ ਅਜਿਹਾ ਛਾਪਾਖਾਨਾ ਕਿਉਂ ਨਾ ਸ਼ੁਰੂ ਕਰੇ, ਜਿਸ ਵਿਚ ਕੀ ਚਿੱਤਰ ਵੀ ਛਾਪੇ ਜਾ ਸਕਣ। ਥਾਮਸ ਰੂ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਰਿਚਰਡ ਬੈਸਟ ਨੇ ਉਸ ਨੂੰ ਹੌਸਲਾ ਦਿੱਤਾ ਕਿ ਪੈਸੇ ਦਾ ਪ੍ਰਬੰਧ ਉਹ ਜਲਦੀ ਹੀ ਕਰ ਦੇਵੇਗਾ, ਜਿਸ ਨਾਲ ਕਿ ਛਾਪਾਖਾਨਾ ਖੋਲ੍ਹਿਆ ਜਾ ਸਕੇ। ਰਿਚਰਡ ਬੈਸਟ ਦੀ ਜਾਣ-ਪਛਾਣ ਅਮੀਰ ਵਰਗ ਨਾਲ ਕਾਫ਼ੀ ਸੀ। ਉਸ ਨੇ ਜਲਦੀ ਹੀ ਛਾਪਾਖਾਨਾ ਖੋਲ੍ਹਣ ਜੋਗੀ ਰਕਮ ਇਕੱਠੀ ਕਰ ਲਈ ਅਤੇ ਥਾਮਸ ਰੂ ਦੀ ਸਾਂਝੀਦਾਰੀ ਨਾਲ ਇਹ ਧੰਦਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿਚ ਉਹ ਦੋਵੇਂ ਸਟੇਸ਼ਨਰੀ ਛਾਪਣ ਦਾ ਕੰਮ ਕਰਦੇ ਰਹੇ। ਵਿਹਲੇ ਸਮੇਂ 'ਚ ਰੂ ਪ੍ਰੈੱਸ ਦੀ ਛਪਾਈ ਦੇ ਸੰਬੰਧ 'ਚ ਅਨੇਕਾਂ ਪ੍ਰਯੋਗ ਕਰਦਾ ਰਹਿੰਦਾ ਸੀ। ਇਨ੍ਹਾਂ ਦਿਨਾਂ 'ਚ ਰੂ ਨੂੰ ਪੈਸਾ ਕਮਾਉਣ ਦਾ ਇਕ ਮਹਾਨ ਮੌਕਾ ਮਿਲਿਆ। ਤਾਸ਼ (ਪੱਤੇ) ਖੇਡਣ ਦਾ ਸ਼ੌਕ ਨਵਾਂ-ਨਵਾਂ ਹੀ ਸ਼ੁਰੂ ਹੋਇਆ ਸੀ। ਬਲਾਕਸ ਵਗੈਰਾ ਤਾਂ ਬਣਦੇ ਨਹੀਂ ਸਨ 'ਸਟੈਨਸਿਲ' ਕਰਕੇ ਮੋਟੇ ਜਿਲਦ 'ਤੇ ਹੱਥ ਨਾਲ ਹੀ ਤਾਸ਼ ਤਿਆਰ ਕੀਤੇ ਜਾਂਦੇ ਸਨ। ਇਸ ਤਰ੍ਹਾਂ ਬਣਾਏ ਗਏ ਤਾਸ਼ ਇਕ ਤਾਂ ਦਿਸਣ 'ਚ ਭੱਦੇ ਹੁੰਦੇ ਸਨ ਅਤੇ ਦੂਜਾ ਉਹ ਬਹੁਤ ਮਹਿੰਗੇ ਬਣਦੇ ਅਤੇ ਵਿਕਦੇ ਸਨ। ਉਸ ਜ਼ਮਾਨੇ 'ਚ ਇਕ ਜੋੜੀ ਤਾਸ਼ ਦੀ ਕੀਮਤ ਸੀ 9 ਸ਼ਿਲਿੰਗ ਯਾਨੀ ਉਦੋਂ ਦੇ ਦਸ ਰੁਪਏ। ਨਤੀਜਾ ਇਹ ਸੀ ਕਿ ਇਸ ਖੇਡ ਨੂੰ ਸਿਰਫ਼ ਅਮੀਰ ਲੋਕ ਹੀ ਖੇਡ ਸਕਦੇ ਸਨ। ਥਾਮਸ ਰੂ ਦੇ ਦਿਮਾਗ਼ ਵਿਚ ਤਾਸ਼ ਛਾਪਣ ਦੀ ਗੱਲ ਘਰ ਕਰ ਗਈ ਸੀ। ਥੋੜ੍ਹੇ ਦਿਨਾਂ ਦੇ ਪ੍ਰਯੋਗ ਤੋਂ ਬਾਅਦ ਉਸ ਨੇ ਤਾਸ਼ ਦੀਆਂ ਰੰਗ-ਬਰੰਗੀਆਂ ਜੋੜੀਆਂ ਨਾਲ ਸਾਰੇ ਲੰਡਨ ਦੇ ਬਾਜ਼ਾਰ ਭਰ ਦਿੱਤੇ। ਹੁਣ ਪਹਿਲਾਂ ਤੋਂ ਬਹੁਤ ਹੀ ਘੱਟ ਕੀਮਤ 'ਤੇ ਜ਼ਿਆਦਾ ਖ਼ੂਬਸੂਰਤ ਤਾਸ਼ ਬਾਜ਼ਾਰ ਵਿਚ ਵਿਕਣ ਲੱਗ ਪਏ। ਥਾਮਸ ਰੂ ਦੀ ਕਿਸਮਤ ਖੁੱਲ੍ਹ ਗਈ। ਜੀ ਹਾਂ, ਤਾਸ਼ ਦੇ ਪੱਤਿਆਂ ਨੇ ਰੂ ਦੀ ਕਿਸਮਤ ਖੋਲ੍ਹ ਦਿੱਤੀ। ਪ੍ਰੈੱਸ ਧੜਾਧੜ ਦਿਨ ਰਾਤ ਚੱਲਣ ਲੱਗਿਆ। ਲੰਡਨ ਤੋਂ ਬਿਨਾਂ ਹੋਰ ਥਾਵਾਂ 'ਤੇ ਵੀ ਰੂ ਵਲੋਂ ਛਾਪੇ ਗਏ ਤਾਸ਼ ਵਿਕਣ ਲੱਗ ਪਏ। ਇੰਗਲੈਂਡ ਹੀ ਨਹੀਂ, ਹੋਰ ਦੇਸ਼ਾਂ 'ਚ ਵੀ। 1832 ਵਿਚ ਉਸ ਨੇ ਇੰਗਲੈਂਡ ਦੇ ਉਸ ਸਮੇਂ ਦੇ ਰਾਜਾ ਵਿਲੀਅਮ ਚੌਥੇ ਤੋਂ ਤਾਸ਼ ਦਾ ਪੇਟੈਂਟ ਕਰਵਾ ਲਿਆ। ਰਾਜਾ ਨੇ ਰੂ ਨੂੰ ਸਨਮਾਨਿਤ ਕੀਤਾ। ਇਸ ਤੋਂ ਬਾਅਦ ਥਾਮਸ ਰੂ ਨੇ ਪੱਤਰਕਾਵਾਂ ਦਾ ਪ੍ਰਕਾਸ਼ਨ ਵੱਖ-ਵੱਖ ਡਿਜ਼ਾਈਨਾਂ ਅਤੇ ਰੰਗਾਂ ਵਿਚ ਕਰ ਕੇ ਦੋਵੇਂ ਹੱਥੀਂ ਬਹੁਤ ਪੈਸਾ ਕਮਾਇਆ। ਥਾਮਸ ਰੂ ਦੀ ਕੀਰਤੀ ਤੋਂ ਵਿਲੀਅਮ ਚੌਥਾ ਪ੍ਰਭਾਵਿਤ ਤਾਂ ਸੀ ਹੀ, ਉਸ ਨੇ ਅਸਲੀ ਸੋਨੇ ਦੀ ਸਿਆਹੀ ਨਾਲ ਬਾਈਬਲ ਛਾਪਣ ਦਾ ਕੰਮ ਥਾਮਸ ਦੇ ਸਪੁਰਦ ਕੀਤਾ। 1838 ਵਿਚ ਮਹਾਰਾਣੀ ਵਿਕਟੋਰੀਆ ਦੇ ਰਾਜ ਗੱਦੀ ਸਮਾਗਮ ਸਮੇਂ 'ਦੀ ਸਨ' ਨਾਮਕ ਅਖ਼ਬਾਰ ਦੇ ਇਕ ਪੂਰੇ ਭਾਗ ਨੇ ਥਾਮਸ ਰੂ ਨੇ ਅਸਲੀ ਸੋਨੇ ਦੀ ਸਿਆਹੀ ਨਾਲ ਛਾਪ ਕੇ ਆਪਣੀ ਪ੍ਰਸਿੱਧੀ ਨੂੰ ਚਾਰ ਚੰਨ ਲਾ ਦਿੱਤੇ। 1853 ਵਿਚ ਡਾਕ ਦੀਆਂ ਟਿਕਟਾਂ ਨੂੰ ਵੀ ਥਾਮਸ ਰੂ ਦੀ ਬੁੱਧੀ ਨੇ ਜਨਮ ਦਿੱਤਾ। ਪਾਰਲੀਮੈਂਟ ਨੇ ਥਾਮਸ ਰੂ ਨੂੰ ਸਨਮਾਨਿਤ ਕੀਤਾ ਅਤੇ ਉਸ ਨੂੰ ਰਾਜ ਵਲੋਂ ਪ੍ਰਿਟਰ ਵੀ ਨਿਯੁਕਤ ਕੀਤਾ ਗਿਆ। ਡਾਕ ਦੀਆਂ ਟਿਕਟਾਂ ਦਾ ਪ੍ਰਚਲਣ ਇਥੋਂ ਹੀ ਸ਼ੁਰੂ ਹੋਇਆ। ਇਨ੍ਹੀਂ ਦਿਨੀਂ ਇੰਗਲੈਂਡ ਦਾ ਦੇਸੀ ਅਤੇ ਵਿਦੇਸ਼ੀ ਵਪਾਰ ਬਹੁਤ ਵਧ ਗਿਆ ਸੀ, ਧਾਤ ਦੇ ਸਿੱਕਿਆਂ ਨੂੰ ਇਧਰ-ਉਧਰ ਲਿਜਾਣ 'ਚ ਜੋ ਪ੍ਰੇਸ਼ਾਨੀ ਆਉਂਦੀ ਸੀ, ਉਸ ਦੀ ਕਲਪਨਾ ਥਾਮਸ ਰੂ ਨੂੰ ਚੰਗੀ ਤਰ੍ਹਾਂ ਸੀ। ਉਸ ਨੇ ਕਾਗਜ਼ 'ਤੇ ਛਪੇ ਨੋਟਾਂ ਨੂੰ ਸਿੱਕਿਆਂ ਦੇ ਰੂਪ ਵਿਚ ਚਾਲੂ ਕਰਨ ਦਾ ਵਿਚਾਰ ਲੋਕਾਂ ਦੇ ਸਾਹਮਣੇ ਰੱਖਿਆ। ਪਹਿਲਾਂ ਪਹਿਲਾਂ ਤਾਂ ਥਾਮਸ ਰੂ ਦੀ ਇਸ ਗੱਲ ਦਾ ਲੋਕਾਂ ਨੇ ਮਜ਼ਾਕ ਉਡਾਇਆ। ਕੁਝ ਲੋਕਾਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਜ਼ਿਆਦਾ ਪੈਸਾ ਕਮਾ ਲੈਣ ਦੀ ਵਜ੍ਹਾ ਕਰਕੇ ਥਾਮਸ ਰੂ ਪਾਗਲ ਹੁੰਦਾ ਜਾ ਰਿਹਾ ਹੈ। ਪ੍ਰੰਤੂ ਮਾਰੀਸ਼ਸ਼ ਸਥਿਤ ਬ੍ਰਿਟਿਸ਼ ਏਜੰਟ ਨੂੰ ਥਾਮਸ ਰੂ ਦਾ ਇਹ ਵਿਚਾਰ ਬਹੁਤ ਹੀ ਪਸੰਦ ਆਇਆ ਅਤੇ ਉਸ ਨੇ 1864 ਵਿਚ ਛੋਟੀ-ਛੋਟੀ ਰਕਮ ਦੇ ਨੋਟਾਂ ਨੂੰ ਛਾਪ ਕੇ ਪ੍ਰਚਲਿਤ ਕੀਤਾ। ਇਹ ਪ੍ਰਯੋਗ ਬਹੁਤ ਸਫਲ ਹੋਇਆ ਅਤੇ ਹੌਲੀ-ਹੌਲੀ ਨੋਟਾਂ ਦਾ ਪ੍ਰਚਲਣ ਸਾਰੇ ਸੱਭਿਆ ਦੇਸ਼ਾਂ 'ਚ ਫ਼ੈਲ ਗਿਆ। ਅੱਜ ਸਰਕਾਰੀ ਨੋਟਾਂ ਦਾ ਜੋ ਮਹੱਤਵ ਵਪਾਰ ਧੰਦੇ ਨੂੰ ਇਸ ਰੂਪ ਵਿਚ ਲਿਆ ਖੜ੍ਹਾ ਕਰਨ ਦਾ ਹੈ, ਉਸ ਤੋਂ ਕੋਈ ਵੀ ਅਨਜਾਣ ਨਹੀਂ ਹੈ। ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਗਿਰਜੇ ਦੇ ਸਾਹਮਣੇ ਠੰਢ ਨਾਲ ਕੰਬਦਾ, ਦਾਣੇ-ਦਾਣੇ ਲਈ ਮੁਹਤਾਜ ਇਕ ਆਦਮੀ ਦੁਨੀਆ ਨੂੰ ਵਪਾਰ ਧੰਦੇ ਦੀ ਤਰੱਕੀ ਲਈ ਇਕ ਅਜਿਹੀ ਚੀਜ਼ ਦੇਵੇਗਾ ਜੋ ਕਿ ਸੰਸਾਰ ਦੀ ਸੂਰਤ ਹੀ ਬਦਲ ਦੇਵੇਗੀ।

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.


Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਕਵਿਤਾ ਦਾ ਧਨੀ ਹੈ ਕੈਨੇਡਾ ਵੱਸਦਾ ਕਵੀ ਸੁਖਪਾਲ



ਲੁਧਿਆਣੇ ਦੇ ਜੰਮਪਲ ਸੁਖਪਾਲ ਨੇ ਪੰਜਾਬ ਐਗਰੀ ਕਲਚਰਲ ਯੂਨੀਵਰਸਿਟੀ ਤੋਂ ਵੈਟ੍ਰਨਰੀ ਸਾਇੰਸ ਅਤੇ ਯੂਨੀਵਰਸਿਟੀ ਆਫ਼ ਗੁਅਲਫ਼, ਕੈਨੇਡਾ ਤੋਂ ਵੈਟ੍ਰਨਰੀ ਐਨਿਸਥੀਸੀਆ ਵਿਚ ਡਾਕਟਰੇਟ ਦੀ ਡਿਗਰੀ ਕੀਤੀ। ਪੰਜਾਬ, ਓਨਟੇਰੀਓ, ਸਸਕੈਚਵਾਨ ਅਤੇ ਕੈਲੀਫੋਰਨੀਆ ਦੀਆਂ ਯੂਨੀਵਰਸਿਟੀਆਂ ਵਿਚ ਬਤੌਰ ਪ੍ਰੋਫੈਸਰ ਕੰਮ ਕੀਤਾ। ਉਸ ਦੀ ਕਵਿਤਾ ਅਤੇ ਕਥਾ ਦੀਆਂ ਤਿੰਨ ਪੁਸਤਕਾਂ, 'ਚੁੱਪ ਚੁਪੀਤੇ ਚੇਤਰ ਚੜ੍ਹਿਆ', 'ਰਹਣੁ ਕਿਥਾਉ ਨਾਹਿ' ਅਤੇ 'ਏਸ ਜਨਮ ਨਾ ਜਨਮੇਂ' ਛਪ ਚੁੱਕੀਆਂ ਹਨ।

Email : sukhpal@live.com

—ਸੁਰਜੀਤ / ਟੋਰਾਂਟੋ



## ਕੰਧ ਤੇ ਲੱਗੀ ਮੂਰਤ

ਸਾਡੇ ਸ਼ਹਿਰ ਦੇ ਗੁਰਦੁਵਾਰੇ ਵਿਚ
40 ਦਿਨ ਤੋਂ ਚਲ ਰਿਹਾ- ਹਰ ਰੋਜ਼
40 ਮੁਕਤਿਆਂ ਦੀ ਯਾਦ ਵਿਚ
ਨਾਮ-ਸਿਮਰਨ ਅਰਦਾਸ ਤੇ ਲੰਗਰ

40 ਮੁਕਤਿਆਂ ਦੀ ਕੁਰਬਾਨੀ ਸੁਣੀ ਸੀਸ ਦਾ
ਨਵਾਂ ਹੈ- ਉਸਦਾ ਮਨਾ ਏ ਜਾਣਾ
ਗੁਰਦਵਾਰੇ ਵਿਚ ਵਧ ਗਏ ਹਨ-
ਚੜ੍ਹਾਵਾ ਅਤੇ ਸੰਗਤਾਂ
ਪ੍ਰਸੰਨ ਹੈ ਪ੍ਰਬੰਧਕ ਕਮੇਟੀ
ਲੱਭ ਰਹੀ ਹੈ ਨਵੇਂ ਸ਼ਹੀਦ
ਉਲੀਕ ਰਹੀ ਹੈ 'ਨਵੇਂ ਪ੍ਰੋਗਰਾਮ'
ਕਿਨਵੇਂ ਸਾਲ ਵਿਚ ਵੀ 'ਰੌਣਕਾਂ' ਬਣੀਆਂ ਰਹਿਣ

"ਕਿਸ ਖ਼ਾਤਰ ਮਰ ਗਏ ਉਹ ਚਾਲ੍ਹੀ ਮੁਕਤੇ ?"
ਪੁੱਛਦੀ ਹੈ ਮੇਰੀ ਬੱਚੀ
'ਏਸ ਲਈ ਕਿ ਜੀਂਦੇ ਰਹਿਣ-
ਗੁਰੂ ਉਨ੍ਹਾਂ ਦਾ, ਲੋਕ ਉਨ੍ਹਾਂ ਦੇ
ਮੈਂ ਦਸਦਾਂ

ਗੁਰਦਵਾਰੇ ਦੇ ਅਜਾਇਬ-ਘਰ ਵਿਚ
ਚਾਰ-ਚੁਫ਼ੇਰੇ ਲੱਗੀਆਂ ਹਨ ਤਸਵੀਰਾਂ
ਲਹੂ ਭਰੀਆਂ

ਦੇਗਾਂ ਨੇਜ਼ੇ ਆਰੇ ਰੰਬੀਆਂ ਖੋਪਰੀਆਂ

"ਇਨ੍ਹਾਂ ਦੀਆਂ ਤਸਵੀਰਾਂ ਕਿਉਂ ਨੇ ਏਥੇ ?"
ਫਿਰ ਪੁੱਛਦੀ ਹੈ ਬੱਚੀ

'ਏਹ ਮਰ ਗਏ ਕਿ ਅਸੀਂ ਜਿਉਂਦੇ ਰਹੀਏ!'
ਮੈਂ ਕਹਿੰਦਾ ਹਾਂ
ਉਹ ਪੁੱਛਦੀ ਹੈ-
"ਤੇ ਉਹ ਕੌਣ ਸਨ ਤਸਵੀਰਾਂ ਵਿਚ-
ਸਟੇਨ-ਗੰਨਾਂ ਤੇ ਏਕੇ ਸੰਤਾਲੀ ਵਾਲੇ ?"
"ਖਾੜਕੂ - ਜੋ ਆਖ਼ ਦੇ ਸਨ -
ਅਸੀਂ ਮਾਰ ਦੇਹਾਂ - ਮਾਰਨ ਵਾਲਿਆਂ ਨੂੰ'
ਅਸੀਂ ਜੀਂਦਾ ਰੱਖਾਂਗੇ ਮਰਨ ਵਾਲਿਆਂ ਨੂੰ...'

ਵੇਲਾ ਹੈ ਰਹਿਰਾਸ ਦਾ
ਬੱਚੀ ਕਹਿੰਦੀ ਹੈ :
"ਅੱਜ ਤੋਂ ਮਾਸ ਨਹੀਂ ਖਾਵਾਂਗੀ ਮੈਂ
ਮੈਂ ਨਹੀਂ ਚਾਹੁੰਦੀ - ਕੋਈ ਮਰੇ
ਮੈਨੂੰ ਜੀਂਦਾ ਰੱਖਣ ਲਈ...!"

ਅਸੀਂ ਘਰ ਪਰਤ ਆਏ ਹਾਂ
ਕੀਰਤਨ ਸੋਹਿਲਾ ਸਮਾਪਤ ਹੋਇਆ ਹੈ
ਉਹ ਕਹਾਣੀ ਸੁਨਣਾ ਚਾਹੁੰਦੀ ਹੈ
ਸਦਾ ਵਾਂਗ - ਸੌਣ ਵੇਲੇ ਦੀ

'ਗੁਰੂ ਅੰਗਦ ਦੇ ਦਰਬਾਰ ਵਿਚ
ਭਾਈ ਜੋਧਰ ਰਸੋਈਆ ਰਹਿੰਦਾ ਸੀ
ਇਕ ਦਿਨ ਗੁਰੂ ਕੇ ਮਹਿਲ ਮਾਤਾ ਖੀਵੀ ਜੀ

ਉਸਨੂੰ ਫੜਕੇ ਲੈ ਗਏ ਗੁਰੂ ਜੀ ਅੱਗੇ :
"ਮਹਾਰਾਜ! ਏਹ ਚੱਤੋ ਪਹਿਰ ਟੁੱਟ ਕੇ ਕੰਮ ਕਰਦਾ ਹੈ
ਰਸਦ ਲਿਆਉਂਦਾ ਹੈ, ਹਿਸਾਬ ਕਿਤਾਬ ਰਖਦਾ ਹੈ
ਲੰਗਰ ਬਣਾਉਂਦਾ ਵਰਤਾਉਂਦਾ ਤੇ ਸਫ਼ਾਈਆਂ ਕਰਦਾ ਹੈ
ਪਰ ਜਦ ਸੰਗਤ ਵਿਦਾ ਹੋ ਜਾਵੇ
ਉਨ੍ਹਾਂ ਦੀਆਂ ਜੂਠੀਆਂ ਪੱਤਲਾਂ ਤੋਂ ਲਾਹ ਲਾਹ ਕੇ
ਖਾਂਦਾ ਹੈ ਬਚਿਆ ਭੋਜਨ
ਦੱਸੋ! ਲੰਗਰ ਦੀ ਕੋਈ ਕਮੀ ਹੈ ਸਾਨੂੰ ?
ਗੁਰੂ ਦੀਆਂ ਅੱਖਾਂ ਵਿਚ ਪ੍ਰਸ਼ਨ ਤੱਕ ਕੇ
ਭਾਈ ਜੋਧ ਗੁਰੂ ਚਰਣੀਂ ਢਹਿ ਪਿਆ :
"ਸੱਚੇ ਪਾਤਸ਼ਾਹ!
ਜਨਮ ਵੱਲੋਂ ਬ੍ਰਾਹਮਣ ਹਾਂ ਮੈਂ
ਬਹੁਤ ਜਤਨ ਕੀਤੇ ਨੇ ਤੇ ਕਰਦਾ ਹਾਂ
ਮੁੜ ਮੁੜ ਬਾਣੀ ਪੜ੍ਹਦਾ ਹਾਂ
ਪਰ ਮਰਦੀ ਨਹੀਂ - ਹਉਮੈ ਮੇਰੀ ਜਾਤ ਦੀ
ਮੇਰੇ ਸਿਮਰਨ ਵਿਚ ਹੀ ਕਮੀ ਹੋਵੇਗੀ ਕੋਈ
ਸੋਚਿਆ - ਸੰਗਤ ਦੀ ਜੂਠ ਖਾ ਵੇਖਾਂ
ਸ਼ਾਇਦ ਹਉਮੈ ਵਿਦਾ ਹੋ ਜਾਵੇ - ਏਵੇਂ ਹੀ!"
ਭਾਈ ਜੋਧ ਦੀ ਅੱਖੀਓਂ ਵਗਦੇ ਪਾਣੀ ਵਿਚ
ਵੇਖਿਆ ਗੁਰੂ ਨੇ-ਬਾਈ ਜੋਧ ਦਾ ਲਹੂ ਵਗਦਾ
ਅੰਦਰੇ ਅੰਦਰ ਕੋਈ ਜੁੱਧ ਚਲਦਾ
ਹੁਕਮ ਕੀਤਾ - ਲੰਗਰ ਲਿਆਉ!
ਆਪਣੇ ਸੁੱਚੇ ਕਰ ਕਮਲਾਂ ਨਾਲ ਗੁਰ ਅੰਗਰ ਪਾਤਸਾਹ ਨੇ
ਸੁੱਚਾ ਭੋਜਨ ਆਪ ਪਾਇਆ ਜੋਧ ਦੇ ਮੂੰਹ ਵਿਚ
ਤੇ ਆਪਣੇ ਸੁੱਚੇ ਮੂੰਹੋਂ ਬਚਨ ਕੀਤਾ :
'ਤੂੰ ਅੱਜ ਤੋਂ
ਕੁੱਲ ਕੂੜ ਤੋਂ ਜੂਠ ਤੋਂ ਤੇ ਜਾਤ ਤੋਂ
ਮੁਕਤ ਹੋਇਆ ਭਾਈ ਜੋਧ!"
50 ਵਰ੍ਹੇ ਮਗਰੋਂ ਉਸਦੀ ਕਥਾ ਲਿਖੀ

ਭਾਈ ਗੁਰਦਾਸ ਜੀ ਨੇ :
"ਜੋਧ ਰਸੋਈਆ ਦੇਵਤਾ
ਗੁਰ ਸੇਵਾ ਕਰ ਦੁਤਰੁ ਤਾਰੀ"
ਖ਼ਿੜਕੀ ਵਿਚੋਂ ਆ ਰਹੀ ਚੰਨਦੀ ਸੁੱਚੀ ਚਾਨਣੀ
ਸਦਾ ਵਾਂਗ ਕਹਾਣੀ ਸੁਣਦਿਆਂ ਅੱਜ ਸੁੱਤੀ ਨਹੀਂ ਮੇਰੀ ਬੱਚੀ
ਪੁੱਛਦੀ ਹੈ—
"ਤਾਂ ਫਿਰ
ਸਾਡੇ ਅਜਾਇਬ-ਘਰ ਵਿਚ
ਤਸਵੀਰ ਕਿਉਂ ਨਹੀਂ ਲੱਗੀ
ਭਾਈ ਜੋਧ ਦੇਵਤੇ ਦੀ ?"
ਚੁੱਪ ਹਾਂ ਮੈਂ
ਬੋਲਦੀ ਹੈ ਉਹ
"ਮੈਂ ਸਮਝ ਗਈ
ਤਸਵੀਰ ਲਗਦੀ ਹੈ - ਸਿਰਫ਼ ਉਨ੍ਹਾਂ ਦੀ!
ਜੋ ਮਰਦੇ ਨੇ ਆਪ ਜਾਂ ਮਾਰਦੇ ਨੇ - ਕਿਸੇ ਨੂੰ
ਵਹਾਉਂਦੇ ਨੇ ਲਹੂ - ਆਪਣਾ ਜਾਂ ਕਿਸੇ ਦਾ
ਨਹੀਂ ਲਾਉਂਦੇ ਤਸਵੀਰ ਅਸੀਂ ਹੁਣ ਕਦੀ
ਹਉਮੈ ਨੂੰ ਮਾਰਨ ਵਾਲੇ ਦੀ ....
ਨਹੀਂ ਤਾਂ ਕਿਵੇਂ ਕਰ ਸਕਾਂਗੇ ਹਉਮੈ ਅਸੀਂ
ਸਿੱਖੀ ਦੇ ਜਾਂ ਸਿੱਖਾਂ ਦੇ-
ਕਿਸੇ ਦੋਸ਼ੀ ਨੂੰ ਮਾਰ ਦੇਣ ਦੀ ?"
ਮੇਰੇ ਦੁਆਲੇ ਦਾ ਹਨੇਰਾ ਹੋ ਗਿਆ ਹੈ ਕੁੱਝ ਹੋਰ ਗੂੜ੍ਹਾ
ਖਿੜਕੀ ਵਿਚੋਂ ਆ ਰਹੀ ਚਾਨਣੀ ਕੱਤਕ ਦੀ
ਕੰਧ 'ਤੇ ਲੱਗੀ ਨਾਨਕ ਦੀ ਤਸਵੀਰ ਉੱਤੇ ਪੈ ਰਹੀ....

ਅੱਖਾਂ ਮੀਟਣ ਤੋਂ ਪਹਿਲਾਂ
ਆਖ਼ਰੀ ਸੁਆਲ ਪੁੱਛਦੀ ਹੈ ਬੱਚੀ
"ਮੇਰੇ ਵੱਡੇ ਹੋਣ ਤੱਕ
ਸਾਡੇ ਘਰਾਂ 'ਚੋਂ ਤੇ ਅਜਾਇਬ ਘਰਾਂ 'ਚੋਂ
ਰਹਿ ਜਾਵੇਗੀ ਜਾਂ ਲਹਿ ਜਾਵੇਗੀ
ਮੂਰਤ - ਬਾਬੇ ਨਾਨਕ ਦੀ...?



# ਅਰਬੀ 'ਚ ਦੋਸਤ ਦੇ ਦਰਜੇ



**ਨਿਸਾਰ ਅਲੀ**

ਅਰਬੀ ਵਿੱਚ ਦੋਸਤੀ ਦੇ 13 ਦਰਜੇ ਹਨ। ਲੋਕਾਂ ਦੇ ਜ਼ਿਆਦਾਤਰ 'ਦੋਸਤ' 5ਵੇਂ ਦਰਜੇ ਜਾਂ ਇਸ ਤੋਂ ਹੇਠਾਂ ਦੇ ਹੁੰਦੇ ਹਨ ਅਤੇ ਸਾਡੇ ਵਿੱਚੋਂ ਬਹੁਤਿਆਂ ਦਾ ਇੱਕ ਵੀ 12ਵੇਂ ਦਰਜੇ ਦਾ ਦੋਸਤ ਨਹੀਂ ਹੈ। ਦੋਸਤੀ ਦੇ ਦਰਜੇ ਇਹ ਹਨ:—

### ਜ਼ਮੈਲ

ਕੋਈ ਅਜਿਹਾ ਵਿਅਕਤੀ ਜਿਸ ਨਾਲ਼ ਤੁਹਾਡੀ ਸਿਰਫ਼ (ਮੁਲਾਕਾਤ ਦੀ ਹੱਦ ਤੱਕ) ਜਾਣ ਪਛਾਣ ਹੋਵੇ।

### ਜਲੀਸ

ਕੋਈ ਅਜਿਹਾ ਵਿਅਕਤੀ ਜਿਸ ਨਾਲ਼ ਤੁਸੀਂ ਕੁਝ ਸਮਾਂ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਬਿਤਾ ਸਕਦੇ ਹੋ।

### ਸਮੀਰ

ਕੋਈ ਅਜਿਹਾ ਵਿਅਕਤੀ ਜਿਸ ਨਾਲ਼ ਤੁਹਾਨੂੰ ਗੱਲਬਾਤ ਕਰਨ ਵਿੱਚ ਕੋਈ ਦਿੱਕਤ ਮਹਿਸੂਸ ਨਾ ਹੋਵੇ।

### ਨਦੀਮ

ਖਾਣ ਪੀਣ ਦਾ ਇੱਕ ਸਾਥੀ ਜਿਸਨੂੰ ਤੁਸੀਂ ਆਪਣੇ ਖ਼ਾਲੀ ਸਮੇਂ ਵਿੱਚ ਯਾਦ ਕਰ ਸਕੋ।

### ਸਾਹਿਬ

ਕੋਈ ਅਜਿਹਾ ਵਿਅਕਤੀ ਜੋ ਤੁਹਾਡੀ ਭਲਾਈ ਲਈ ਚਿੰਤਤ ਹੋਵੇ।

### ਰਫ਼ੀਕ

ਕੋਈ ਅਜਿਹਾ ਵਿਅਕਤੀ ਜਿਸ 'ਤੇ ਤੁਸੀਂ ਨਿਰਭਰ ਕਰ ਸਕਦੇ ਹੋ। ਤੁਸੀਂ ਸ਼ਾਇਦ ਆਪਣੀਆਂ ਛੁੱਟੀਆਂ ਉਸ ਨਾਲ਼ ਬਿਤਾਉਣਾ ਚਾਹੋ।

### ਸਿੱਦੀਕ

ਇੱਕ ਸੱਚਾ ਦੋਸਤ ਕੋਈ ਅਜਿਹਾ ਵਿਅਕਤੀ ਜੋ ਤੁਹਾਡੇ ਨਾਲ਼ ਕਿਸੇ ਮਤਲਬ ਲਈ ਦੋਸਤੀ ਨਹੀਂ ਕਰਦਾ। ਇਸ ਦੀ ਬਜਾਇ, ਉਸ ਨਾਲ਼ ਤੁਹਾਡਾ ਰਿਸ਼ਤਾ ਨਿਰਸਵਾਰਥ , ਨਿਰਲੇਪ, ਦਿਖਾਵੇ ਤੋਂ ਬਿਨਾਂ , ਸੱਚਾਈ ਅਤੇ ਇਮਾਨਦਾਰੀ 'ਤੇ ਆਧਾਰਿਤ ਹੁੰਦਾ ਹੈ।

### ਖ਼ਲੀਲ

ਇੱਕ ਨਜ਼ਦੀਕੀ ਦੋਸਤ, ਕੋਈ ਅਜਿਹਾ ਵਿਅਕਤੀ ਜਿਸਦੀ ਮੌਜੂਦਗੀ ਤੁਹਾਨੂੰ ਖ਼ੁਸ਼ ਕਰਦੀ ਹੈ।

### ਅਨੀਸ

ਕੋਈ ਅਜਿਹਾ ਵਿਅਕਤੀ ਜਿਸ ਦੀ ਮੌਜੂਦਗੀ ਵਿੱਚ ਤੁਸੀਂ ਸਕੂਨ ਮਹਿਸੂਸ ਕਰਦੇ ਹੋ।

### ਨਜੀ

ਭਰੋਸੇਮੰਦ /ਭਰੋਸੇਯੋਗ / ਹਮਰਾਜ਼। ਕੋਈ ਅਜਿਹਾ ਵਿਅਕਤੀ ਜੋ ਤੁਹਾਡਾ ਹਮਰਾਜ਼ ਹੈ ਅਤੇ ਜਿਸ 'ਤੇ ਤੁਸੀਂ ਬਹੁਤ ਜ਼ਿਆਦਾ ਭਰੋਸਾ ਕਰਦੇ ਹੋ।

### ਸਫ਼ੀ

ਤੁਹਾਡਾ ਸਭ ਤੋਂ ਵਧੀਆ ਦੋਸਤ, ਕੋਈ ਅਜਿਹਾ ਵਿਅਕਤੀ ਜਿਸਨੂੰ ਤੁਸੀਂ ਦੂਜੇ ਦੋਸਤਾਂ ਨਾਲੋਂ ਤਰਜੀਹ ਦਿੰਦੇ ਹੋ।

### ਕਰੀਨ

ਕੋਈ ਅਜਿਹਾ ਵਿਅਕਤੀ ਜੋ ਤੁਹਾਡੇ ਤੋਂ ਵੱਖ ਨਾ ਹੋਵੇ ਅਤੇ ਨਾ ਸਿਰਫ਼ ਤੁਸੀਂ ਜਾਣਦੇ ਹੋ ਕਿ ਉਹ ਕਿਵੇਂ ਸੋਚਦਾ ਹੈ ਬਲਕਿ ਉਹ ਤੁਹਾਡੇ ਵਿਚਾਰਾਂ ਤੋਂ ਵੀ ਜਾਣੂ ਹੋਵੇ , ਤੁਸੀਂ ਦੋਵੇਂ ਇੱਕ ਦੂਜੇ ਦੇ ਮਿਜ਼ਾਜ ਨੂੰ ਜਾਣਦੇ ਹੋ।

### ਹਬੀਬ

ਇਹ ਦੋਸਤੀ ਦਾ ਸਭ ਤੋਂ ਉੱਚਾ ਦਰਜਾ ਹੈ ਜਿਸ ਵਿੱਚ ਇੱਕ ਦੋਸਤ ਮਿੱਤਰਤਾ ਦੇ ਹੋਰ ਸਾਰੇ ਗੁਣਾਂ ਦੇ ਨਾਲ਼-ਨਾਲ਼ ਮਹਿਬੂਬ ਦਾ ਦਰਜਾ ਲੈ ਲੈਂਦਾ ਹੈ। ਭਾਵ ਇੱਕ ਅਜਿਹਾ ਵਿਅਕਤੀ ਜਿੱਸ ਨਾਲ਼ ਨਿਰਸਵਾਰਥ ਮੁਹੱਬਤ ਹੋਵੇ।

---

ਬੁੱਧ ਬਾਣ / ਬੁੱਧ ਸਿੰਘ ਨੀਲੋਂ

# ਕੱਲਕੱਤਿਓਂ ਪੱਖੀ ਲਿਆਦੇ ਵੇ...!



ਪਹਿਲੇ ਸਮਿਆਂ ਦੇ ਵਿੱਚ ਲੋੜਕੂ ਪੰਜਾਬੀ ਕੱਲਕੱਤੇ ਵੱਲੀਓਂ ਮੁੱਲ ਦੀਆਂ ਤੀਵੀਂਆਂ ਲਿਆਉਂਦੇ ਸੀ। ਚਲਾਕ ਡਰਾਈਵਰ ਇਹ ਕਾਰੋਬਾਰ ਕਰਦੇ ਸੀ। ਵੀਨਾ ਵਰਮਾ ਦੀ ਕਿਤਾਬਾਂ ਹਨ - 'ਮੁੱਲ ਦੀ ਤੀਵੀਂ', 'ਫਰੰਗੀਆਂ ਦੀ ਨੂੰਹ', ਇਸੇ ਤਰ੍ਹਾਂ ਬਲਦੇਵ ਸਿੰਘ ਮੋਗਾ ਦੀ ਕਈ ਕਹਾਣੀਆਂ ਹਨ। ਨਾਵਲਕਾਰ ਰਾਮ ਸਰੂਪ ਅਣਖੀ ਨੇ ਇਹਨਾਂ ਮਸਲਿਆਂ ਉਤੇ ਕਾਫੀ ਲਿਖਿਆ ਹੈ।

ਹੁਣ ਕੋਲਕੱਤੇ ਤੋਂ ਲੋਕ ਤੀਵੀਂਆਂ ਤਾਂ ਨਹੀਂ, PhD, Med., Bed ਤੇ ਹੋਰ ਕਈ ਮਕੈਨੀਕਲ ਦੀਆਂ ਦੋ ਨੰਬਰ ਵਿੱਚ ਮੁੱਲ ਦੀਆਂ ਡਿਗਰੀਆਂ ਲੈ ਆਉਂਦੇ ਹਨ। ਫੇਰ ਨੌਕਰੀਆਂ ਹਾਸਲ ਕਰਦੇ ਹਨ। ਇਹੋ ਜਿਹੀਆਂ ਨਕਲੀ ਡਿਗਰੀਆਂ ਵਾਲੇ ਹਰ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਦੇ ਵਿੱਚ ਸੇਵਾ ਕਰ ਰਹੇ ਹਨ।

###

ਨਾ ਗੱਲ ਕੱਲਕੱਤੇ ਦੀ ਐ ਤੇ ਨਾ ਪੱਖੀ ਦੀ ਐ। ਗੱਲ ਤਾਂ ਐਨੀ ਐ ਕਿ ਜੀਹਨੂੰ ਪੰਜਾਬੀ ਦੀ ਪੈਂਤੀ ਨਾ ਆਉਦੀ ਹੋਵੇ, ਉਹ ਭਾੜਾ ਦੇ ਕੇ ਗੀਤ ਗ਼ਜ਼ਲਾਂ ਲਿਖਵਾਉਦੀ/ ਲਿਖਵਾਉਦਾ ਹੋਵੇ, ਉਹ ਜਦੋਂ ਉਸਤਾਦ ਬਣ ਜਾਣ, ਫੇਰ ਜਦ ਉਨ੍ਹਾਂ ਨੂੰ ਕੋਈ ਪੰਜਾਬੀ ਮਾਂ ਬੋਲੀ ਦੀ ਧੀ..../ ਪੁੱਤਰ ਦਸ ਲਕਬ ਦੇਣ ਲੱਗ ਜਾਣ। ਫੇਰ ਗੁਰਦਾਸ ਮਾਨ ਦਾ ਗੀਤ ਚੇਤੇ ਆਉਂਦਾ ਹੈ।

ਤਾਂ ਸਮਝੋ ਮਾਮਲਾ ਗੜ੍ਹਬੜ ਹੈ....

"ਕੀ ਬਣੂ ਦੁਨੀਆਂ ਦਾ... ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ!"

ਬਹੁਤੇ ਵਿਦਵਾਨਾਂ ਨੂੰ ਇਹ ਨੀ ਪਤਾ ਕੇ ਲੈਕਚਰਾਰ ਤੇ ਪ੍ਰੋਫੈਸਰ ਵਿੱਚ ਕੀ ਫਰਕ ਹੁੰਦਾ? ਕਈ ਤੇ ਰੀਡਰ ਵੀ। ਨਹੀਂ ਬਣਦੇ ਤੇ ਪ੍ਰੋਫੈਸਰ ਕਿੱਥੋਂ ਬਣ ਜਾਣਗੇ? ਪ੍ਰੋਫੈਸਰ ਇਕ ਡਿਗਰੀ ਐ, ਇਹ ਬਹੁਤ ਘੱਟ ਦੇ ਨਸੀਬ ਹੁੰਦੀ ਹੈ ਪਰ ਇਥੇ ਤੇ ਸਕੂਲ ਮਾਸਟਰ ਵੀ ਆਪਣੇ ਆਪ ਨੂੰ ਪ੍ਰੋਫੈਸਰ ਲਿਖਦੇ ਹਨ। ਹੁਣ ਤੇ ਮੁੱਲ ਦੀ ਤੀਵੀਂ ਦੇ ਵਾਂਗੂੰ ਕੱਲਕੱਤਿਓਂ ਡਿਗਰੀ ਲਿਆ ਕੇ ਕਈ ਆਪਣੇ ਨਾਮ ਦੇ ਨਾਲ ਡਾਕਟਰ ਲਿਖਣ ਲੱਗ ਪਏ ਹਨ...।

ਜਿਵੇਂ ਪਿੰਡਾਂ ਵਾਲੇ ਸਲੋਤਰੀ ਨੂੰ ਹੀ ਡਾਕਟਰ ਕਹੀ ਜਾਂਦੇ ਹਨ। ਬਸ ਇਸੇ ਹੀ ਤਰ੍ਹਾਂ....। ਮੁੱਲ ਦੀਆਂ



ਬੁੱਧ ਸਿੰਘ ਨੀਲੋਂ
94643-70823
budhsinghneelon@gmial.com

ਗ਼ਜ਼ਲਾਂ ਤੇ ਕਿਤਾਬਾਂ ਲਿਖਵਾਉਣ ਵਾਲਿਆਂ ਨੂੰ ਉਸਤਾਦ ਜੀ ਕਹੀ ਜਾਂਦੇ ਹਨ।

ਆਪਾਂ ਕੀ ਲੈਣਾ....। ਢਕੀ ਰਿੱਝਣ ਦਿਓ!

ਉਸ ਵੇਲੇ ਸਿੱਖਿਆ ਵਿਭਾਗ ਵਿੱਚ 'ਤੋਤਾ ਮਾਰਕਾ' ਉਸਤਾਦਾਂ ਦੀ ਭਰਤੀ ਹੋਣੀ ਸੀ। ਸਰਕਾਰ ਨੇ ਕੋਰਟ ਕੇਸ ਤੋਂ ਬਚਣ ਲਈ ਟੈਟ ਦਾ ਟੈਸਟ ਰੱਖ ਲਿਆ। ਡੇਢ ਲੱਖ ਤੋਂ ਵੱਧ ਨੇ ਪੇਪਰ ਦਿੱਤਾ। ਇਹ ਟੈਸਟ ਦੇਣ ਵਾਲੇ ਬੀਐੱਡ, ਐਮ ਐਡ, ਐਮ ਫਿਲ, ਪੀਐਚ ਡੀ, ਤੇ ਹੋਰ ਪਤਾ ਨਹੀਂ ਕਿਹੜੀਆਂ ਕਿਹੜੀਆਂ ਡਿਗਰੀਆਂ ਵਾਲੇ ਸ਼ਾਮਲ ਸਨ। ਅਠਾਸੀ ਸੌ ਅਠੱਨਵੇਂ ਰੱਖਣੇ ਸੀ। ਪਰ ਪਾਸ ਚਾਰ ਹਜ਼ਾਰ ਹੋਏ। ਸੋਚੋ ਉਹ ਕਿੰਨੇ ਕੁ ਲਿਖੇ ਪੜ੍ਹੇ ਹੋਣਗੇ? ਮਾਸਟਰ ਤਾਂ ਰੱਖਣ ਸੀ... ਤੇ ਬਾਕੀ 'ਤੋਤੇ ਦੀ ਠੁੰਗ' ਦਾ ਕਮਾਲ ਹੋ ਗਿਆ। ਫੇਰ ਇਹਨਾਂ ਦੇ ਵਿਚੋਂ ਅੱਧਿਆਂ ਦੀਆਂ ਡਿਗਰੀਆਂ ਫੇਕ ਯੂਨੀਵਰਸਿਟੀਆਂ ਦੀਆਂ ਸਨ। ਹੁਣ ਤੁਸੀਂ ਦੱਸੋ ਬੂਟਾ ਗਾਲ ਨੀ ਕੱਢੂ......। ਤਾਂ ਕੀ ਕੱਢੂ.....???

ਏਹੀ ਹਾਲ ਸਟਾਫ ਨਰਸਾਂ ਦਾ ਹੋਇਆ। ਉਹਨਾਂ ਦਾ ਵੀ ਟੈਸਟ ਹੋਇਆ ਸੀ। ਉਹ ਵੀ ਬਾਜੀ ਮਾਰਗੀਆਂ। ਪੈਂਹਟ ਸੌ ਨੇ ਟੈਸਟ ਦਿੱਤਾ ਤੇ ਵਿਚੋਂ ਚਾਲੀ ਪਾਸ ਹੋਈਆਂ। ਇਕ ਸੌ ਚਤਾਲੀ ਭਰਤੀ ਕੀਤੀਆਂ। ਇਥੇ ਸਿਹਤ ਮੰਤਰੀ ਨੇ ਟੀਕਾ ਲਾ ਦਿੱਤਾ।ਜਿਹੜਾ ਕਦੇ ਪੀ.ਪੀ.ਐੱਸ. ਵਾਲਾ ਸਿੱਧੂ ਲਾ ਗਿਆ ਸੀ.... ਉਸ ਕੇਸ ਦਾ ਕੀ ਬਣਿਆ?

ਹੁਣ ਗੱਲ ਕੱਲਕੱਤੇ ਵਾਲੀਆਂ ਪੱਖੀਆਂ ਦੀ ਕਰਦੇ ਆ। ਉਥੋਂ ਵੀ ਕੁੱਝ ਲੇਖਕ ਡਾਕਟਰੇਟ ਦੀਆਂ ਡਿਗਰੀਆਂ ਲੈ ਆਏ ਹਨ, ਉਹ ਹੁਣ ਆਪਣੇ ਨਾਂ ਦੇ ਨਾਲ ਗੋਤ ਲਿਖਣ ਭਾਵੇਂ ਨਾ ਪਰ ਨਾਮ ਦੇ ਅੱਗੇ ਡਾਕਟਰ ਜਰੂਰ ਲਿਖਦੇ ਹਨ।

ਰਣਜੀਤ ਕੌਰ ਗਾਉਂਦੀ ਹੈ ਕਿ
"ਕੱਲਕੱਤਿਓਂ ਪੱਖੀ ਲਿਆਦੇ ਵੇ....
ਝੱਲੂਗੀ ਸਾਰੀ ਰਾਤ।"

ਹੁਣ ਬਹੁਤੇ ਚੰਗੇ ਕੰਮ ਰਾਤ ਨੂੰ ਹੀ ਹੁੰਦੇ ਹਨ ਤੇ ਨਾ ਡਰ ਹੁੰਦਾ ਹੈ! ਜੈ ਹੋਵੇ ....ਕੱਲਕੱਤੇ ਵਾਲੀ ਦੀ....

ਨਾ ਗੱਲ ਕੱਲਕੱਤੇ ਦੀ ਹੈ ਗੱਲਾਂ ਤੇ ਫੈਲ ਰਹੀ ਹਨੇਰਗਰਦੀ ਹੈ?? ਕਿਸ ਨੇ ਕਿਸ ਦਾ ਖੋਜ ਪ੍ਰਬੰਧ ਫਹਦ ਦਾ ਥੀਸਿਸ ਲਿਖਿਆ ਤੇ ਕੋਈ ਕਿੰਨੇ ਵਿੱਚ ਵਿਕਿਆ ਹੈ ਤੇ ਕਿਸ ਨੂੰ ਕਿਸ ਨੇ ਪਾਰ ਲੰਘਾਇਆ ਹੈ।।ਸਭ ਜਾਣਦੇ ਤੇ ਪਹਿਚਾਣਦੇ ਹਨ।ਪਰ ਚੁੱਪ ਹਨ। ਇਕ ਚੁੱਪ ਵਿੱਚ ਸੌ ਸੁਖ ਹੁੰਦੇ ਹਨ।

ਇਹਨਾਂ ਦੇ ਵਿਚੋਂ ਕਈ ਸੇਵਾ ਮੁਕਤ ਤੇ ਕੁੱਝ ਦੇਹ ਮੁਕਤ ਹੋ ਗਏ। ਇਹ ਕਿੰਨੇ " ਡਾਕਟਰ " ਵਿਦਵਾਨ ਬਣੇ। ਕੁੱਝ ਪੰਜਾਬੀ ਸਾਹਿਤ ਦੇ ਥਾਣੇਦਾਰ ਬਣ ਕੇ ਕਵੀਆਂ/ ਕਵਿੱਤਰੀਆਂ ਤੇ ਲੇਖਕਾਂ ਉਪਰ ਧੌਂਸ ਜਮਾਉਣ ਲੱਗੇ ਹਨ ਤੇ ਕਵਿਤਾ ਤੇ ਗ਼ਜ਼ਲ ਤੇ ਕਹਾਣੀ ਨਾਵਲ ਲ਼ਿਖਣ ਦੇ ਤਰੀਕੇ ਦੱਸਦੇ ਹਨ। ਇਹਨਾਂ ਦੇ ਵਿਚੋਂ ਕੁੱਝ ਕਵੀ ਹੋ ਗਏ, ਤੇ ਆਲੋਚਕ ਹੋ ਗਏ ਤੇ ਕੁੱਝ ਆਲੋਚਨਾ ਕਰਨ ਲੱਗੇ।

ਇਕ ਵਾਰ ਇਕ ਵਿਦਵਾਨ ਮੇਰੇ ਨਾਲ ਇਸ ਕਰਕੇ ਲੜ / ਲੜੀ ਪਿਆ ਕਿ ਖਬਰ ਦੇ ਵਿੱਚ ਮੇਰੇ ਨਾਮ ਦੇ ਨਾਲ ਡਾਕਟਰ ਨੀ ਪਾਇਆ। ਮੇਰਾ ਨਾਮ ਤੈ ਹਾਜ਼ਰ ਸਰੋਤਿਆਂ ਨਾਲ ਪਾ ਦਿੱਤਾ।

ਹੁਣ ਤੁਸੀਂ ਦੱਸੋ ਜੇ ਖੁਸਰੇ ਨਾਲ ਖੁਸਰਾ ਸੌਂ ਜਾਊ ਕੀ ਲੈ ਜੂ।

ਅਖੇ ਜੇ ਕੁੱਤਾ ਕਪਾਹ ਵਿੱਚ ਦੀ ਲੰਘ ਗਿਆ
ਦੱਸ ਭਲਾ ਕੁੱਤਾ ਕੀ ਲੈ ਗਿਆ ?

ਇਹਨਾਂ ਤੋਤਾ ਮਾਰਕਾ ਉਸਤਾਦਾਂ ਦੀ ਕਿਰਪਾ ਦੀ ਇਕ ਗੱਲ ਹੋਰ ਸੁਣ ਲਵੋ।

ਇਕ ਯੂਨੀਵਰਸਿਟੀ ਦਾ ਉਸਤਾਦ ਕਿਸੇ ਪਿੰਡ ਦੀ ਲੰਘਿਆ ਜਾਵੇ। ਅੱਗੇ ਇਕ ਬੰਦਾ ਗੱਡਾ ਲਈ ਆਵੇ। ਦੋਹਾਂ ਦੀ ਅੱਖ ਮਿਲੀ। "ਪ੍ਰੋਫੈਸਰ ਸਾਬ੍ਹ ਸਾਸਰੀ ਕਾਲ।"

ਵਿਦਿਆਰਥੀ ਨੇ ਸਲਾਮ ਕੀਤੀ।

ਤਾਂ ਅੱਗਿਓਂ ਪ੍ਰੋਫੈਸਰ ਨੇ ਪੁੱਛਿਆ।

"ਉਹ ਤੂੰ ਕਿਸੇ ਨੌਕਰੀ 'ਤੇ ਨੀ ਲੱਗਿਆ।
ਗੱਡਾ ਹੱਕਣ ਡਿਆ ਏ?"

ਅੱਗਿਓਂ ਵਿਦਿਆਰਥੀ ਕਹਿੰਦਾ "ਜੀ ਤੁਹਾਡੇ ਪੜ੍ਹਾਏ, ਹੋਰ ਜਹਾਜ਼ ਚਲਾਉਣਗੇ। ਗੱਡੇ ਹੀ ਹੱਕਣਗੇ।"

ਦੋਵੇਂ ਜੋਰ ਦੀ ਹੱਸਦੇ ਵਿਛੜ ਗਏ!
ਕੱਲਕੱਤੇ ਵਾਲੀ ਮਾਤਾ ਦੀ ਜੈ ਹੋਵੇ।
ਇਸੇ ਕਰਕੇ ਬੀਬੀ ਰਣਜੀਤ ਕੌਰ ਆਖਦੀ ਹੈ
ਕਲਕੱਤਿਓਂ ਪੱਖੀ ਲਿਆਦੇ....
ਝੱਲੂਗੀ ਸਾਰੀ ਰਾਤ।
ਬਾਕੀ ਤੁਸੀਂ ਆਪ ਸਿਆਣੇ ਹੋ।
ਤੇ ਲਾਓ ਗੈੱਸ ਕਿਸ ਨੇ
ਕੱਲਕੱਤਿਓਂ ਮੁੱਲ ਦੀ ਪੱਖੀ ਲਿਆਂਦੀ ਹੈ।

....ਤੀਵੀਂ ਨੀ, ਡਿਗਰੀ ਡਾਕਟਰ ਦੀ! ਉਹ ਹੁਣ ਡਾਕਟਰ/ਵਿਦਵਾਨ ਹਨ.... ਪੰਜਾਬੀ ਮਾਂ ਬੋਲੀ ਸੇਵਾ ਕਰਦੇ ਹਨ।

---

## ਜਦੋਂ ਦਾ....

**ਹਰਕੰਵਲਜੀਤ ਸਾਹਿਲ**

ਜਦੋਂ ਦਾ ਅਹਿਸਾਸ ਹੋਇਆ ਹੈ
ਕਿ ਤੇਰਾ ਨਾਮ ਤਾਂ ਮੇਰੇ ਸਾਹਾਂ ਦੀ ਹੀ ਆਵਾਜ਼ ਹੈ
ਝੂਲਦੇ ਝੱਖੜਾਂ 'ਚ ਵੀ
ਸਾਹਾਂ ਦਾ ਸੇਂਕ ਤੇ ਸਹਿਜ ਬਣਿਆ ਰਹੇ

ਜਦ ਦਾ ਪਤਾ ਲੱਗਾ
ਕਿ ਮੇਰੇ ਚੇਤਿਆਂ 'ਚ ਤਾਂ
ਤੇਰੀ ਮਹਿਕ ਸਮੋਈ,
ਚਿੱਤ ਨੂੰ ਕਲਾਵੇ
ਸਭ ਸਾਂਭ ਰੱਖਣ-

...ਤੇ ਜਦ ਦਾ ਅਹਿਸਾਸ ਹੋਇਆ
(ਇਨਕਲਾਬ ਜਿਹਾ)
ਕਿ 'ਮੈਂ' ਤਾਂ 'ਤੂੰ' ਹੀ 'ਤੂੰ' ਹੈਂ
ਮਿਲ ਜਾਣ ਤੇ
ਸ਼ੀਸ਼ੇ ਨਾ ਨਜ਼ਰਾਂ
ਗਹੁ ਨਾਲ ਤੱਕਣ-

•••

## ਤੇਰੇ ਬਿਨਾਂ....

**ਹਰਕੰਵਲਜੀਤ ਸਾਹਿਲ**

ਤੂੰ ਤੇ ਤੇਰਾ ਸਾਥ!
ਹੋਠਾਂ ਦੀ ਮਿਟਾਸ਼
ਸਾਹਾਂ ਦਾ ਨਿੱਘ
ਪਰਬਤੀਆਂ ਦੀ ਨਰਮ ਅਕੜ
ਕੋਸੀ ਕੋਈ ਤਪਸ਼
ਪੋਲੇ ਜਿਹੇ 'ਬੰਦ' ਖੁਲਾ ਦਰਵਾਜ਼ਾ
ਭਗ ਦੀ ਮਘ ਬਾਹਵਾਂ ਫੈਲਾਉਂਦੀ
ਘੁਟਦੀ ਸਦਦੀ
ਕੂਲੇ ਕੂਲੇ ਕਲਾਵੇ (ਲਾਉਂਦੀ)
ਕੇਹੀ ਮਿੱਠੀ ਮਰ੍ਹਮ!
ਤੇ
ਹਾਂ
ਮੈਂ ਹਾਂ
ਪੂਰਾ ਮਰਦ!

ਨਹੀਂ ਤਾਂ
ਕੀ ਹਾਂ ਮੈਂ
ਠੰਢਾ ਜਿਹਾ..
ਤੇਰੇ ਬਿਨਾਂ!

TSM GALLERY

High quality artwork for your home or business, religious or public places.
We specialize in all kind of wallpaper installation.


Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca


Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.













## ਪੰਜਾਬੀ ਸਭਿਆਚਾਰ

# ਸਮੇਂ ਦੇ ਰੰਗ : ਦਾਦੀ ਬਿਨਾਂ ਨਹੀਂ ਪੱਕਦੇ ਪੂੜੇ

ਬਚਪਨ ਆਪਣੇ ਨਾਲ ਬਹੁਤ ਕੁਝ ਲੈ ਗਿਆ। ਹੁਣ ਸਾਉਣ ਮਹੀਨਾ ਚੱਲ ਰਿਹਾ ਹੈ, ਪਰ ਸਾਉਣ ਮਹੀਨੇ ਦਾ ਹੁਣ ਪਹਿਲਾਂ ਜਿਹਾ ਚਾਅ ਨਹੀਂ ਰਿਹਾ। ਸਾਡਾ ਸਾਰਾ ਪਰਿਵਾਰ ਸ਼ੁਰੂ



ਤੋਂ ਹੀ ਖਾਣ ਪੀਣ ਦਾ ਸ਼ੌਕੀਨ ਸੀ। ਬਹੁਤ ਸਾਰੇ ਪਕਵਾਨ ਅਜਿਹੇ ਹੁੰਦੇ ਜਿਹੜੇ ਕਿਸੇ ਵਿਸ਼ੇਸ਼ ਮਹੀਨੇ ਬਣਾਏ ਜਾਂਦੇ। ਇਨ੍ਹਾਂ ਵਿਚ ਮਾਲ ਪੂੜੇ ਵੀ ਸ਼ਾਮਲ ਹਨ। ਮੇਰੇ ਬਚਪਨ ਵਿਚ ਜਦ ਸਾਉਣ ਮਹੀਨੇ ਨਿੱਕੀ ਨਿੱਕੀ ਕਣੀ ਦੇ ਮੀਂਹ ਦੀ ਝੜੀ ਲੱਗ ਜਾਣੀ ਤਾਂ ਅਸੀਂ ਝੱਟ ਦਾਦੀ ਨੂੰ ਮਾਲ ਪੂੜੇ ਬਣਾਉਣ ਲਈ ਮਨਾ ਲੈਣਾ। ਉਸ ਨੇ ਵੀ ਖਿੜੇ ਮੱਥੇ ਸਾਨੂੰ ਕਹਿ ਦੇਣਾ, "ਪਕਾ ਦੇਊਂ, ਪਰ ਇਕ ਸ਼ਰਤ ਐ ਕਿ ਮੇਰੇ ਕੋਲ ਸਮਾਨ ਲਿਆਈ ਚੱਲਿਓ ਜੋ ਮੈਂ ਮੰਗਵਾਊਂ।" ਦਾਦੀ ਨੇ ਚੁੱਲ੍ਹੇ 'ਚ ਅੱਗ ਬਾਲ ਲੈਣੀ। ਉਸ ਨੇ ਆਪ ਪੀੜ੍ਹੀ 'ਤੇ ਬਹਿ ਜਾਣਾ ਤੇ ਸਾਡੇ ਤੋਂ ਸਾਮਾਨ ਮੰਗਵਾਈ ਜਾਣਾ। ਦਾਦੀ ਨੇ ਤਵਾ ਧਰ ਲੈਣਾ, ਵੱਡੇ ਭਾਂਡੇ 'ਚ ਪਾਣੀ ਤੇ ਗੁੜ ਘੋਲ ਕੇ ਪੂੜਿਆਂ ਵਾਲਾ ਪਤਲਾ ਜਿਹਾ ਆਟਾ ਬਣਾ ਲੈਣਾ। ਇਹ ਕਿਸੇ ਛੋਟੇ ਭਾਂਡੇ ਨਾਲ ਘੋਲ ਕੇ ਤਵੇ 'ਤੇ ਪਾਈ ਜਾਣਾ ਤੇ ਪਿੱਪਲ ਦੇ ਪੱਤੇ ਨਾਲ ਖਿਲਾਰ ਕੇ ਤਵੇ ਦੇ ਆਕਾਰ ਦਾ ਪੂੜਾ ਬਣਾ ਕੇ ਖੁਰਚਣੇ ਨਾਲ ਥੱਲ ਦੇਣਾ। ਮਾਲ ਪੂੜੇ ਦਾਦੀ ਨੇ ਕੜਾਹੀ 'ਚ ਹੀ ਪਕਾ ਦੇਣੇ। ਮਾਲ ਪੂੜੇ ਛੋਟੇ ਹੁੰਦੇ ਸਨ ਜਦੋਂਕਿ ਪੂੜੇ ਵੱਡੇ ਆਕਾਰ ਦੇ ਹੁੰਦੇ। ਉਨ੍ਹਾਂ ਸਮਿਆਂ 'ਚ ਸਾਡੇ ਘਰ ਇਕ ਪੁਰਾਣੀ ਰਸੋਈ ਹੁੰਦੀ ਸੀ ਤੇ ਉਹਦੀ ਨੁੱਕਰ 'ਤੇ ਇਕ ਪਾਸੇ ਬਣੇ ਹਾਰੇ ਵਿਚ ਤੌੜੀ ਧਰੀ ਹੁੰਦੀ। ਉਹਦੇ ਵਿਚ ਦਾਦੀ ਨੇ ਖੀਰ ਬਣਾ ਲੈਣੀ। ਉਹ ਸਾਰਾ ਦਿਨ ਅੱਗ ਦੇ ਸੇਕ ਵਿਚ ਬੈਠੀ ਰਹਿੰਦੀ। ਫਿਰ ਵੀ ਉਸ ਨੇ ਨਾ ਅੱਕਣਾ ਨਾ ਥੱਕਣਾ ਤੇ ਸਾਰਾ ਸਾਰਾ ਦਿਨ ਪੂੜੇ ਬਣਾਈ ਜਾਣੇ। ਟੋਕਰੀ ਭਰ ਕੇ ਰੱਖ ਦੇਣੀ। ਸਾਡਾ ਪਰਿਵਾਰ ਵੱਡਾ ਸੀ। ਇਸ ਕਰਕੇ ਦਾਦੀ ਪੂੜੇ ਖੁੱਲ੍ਹੇ ਬਣਾਉਂਦੀ ਸੀ ਤੇ ਅਸੀਂ ਦੋ ਦੋ ਦਿਨ ਪੂੜੇ ਖਾਈ ਜਾਣੇ। ਉਸ ਨੇ ਕਹਿਣਾ, "ਗੁਆਂਢ 'ਚ ਵੀ ਫੜਾ ਆਓ ਕਿਸੇ ਦੇ ਮੂੰਹ 'ਚ ਪੈ ਜਾਣਗੇ ਚੰਗੇ ਹੀ ਨੇ।" ਉਸ ਨੇ ਨਾਲ ਪੂੜਿਆਂ ਦਾ ਪਿਛੋਕੜ ਦੱਸੀ ਜਾਣਾ ਕਿ ਪੂੜੇ, ਖੀਰ, ਕੜਾਹ ਆਦਿ ਸਾਉਣ ਦੇ ਮਹੀਨੇ ਵਿਚ ਹੀ ਖਾਣ ਨੂੰ ਮਿਲਦੇ ਹਨ। ਇਸ ਮਹੀਨੇ ਖੀਰ ਨਾਲ ਪੂੜੇ ਬਣਾਉਣ ਦਾ ਰਿਵਾਜ ਹੈ। ਦਾਦੀ ਇਕ ਕਹਾਵਤ ਸੁਣਾਉਂਦੀ ਹੁੰਦੀ ਸੀ ਕਿ 'ਹੋਵੇ ਤੇਲ ਪਕਾਈਏ ਪੂੜੇ, ਆਟਾ ਲਿਆਈਏ ਮੰਗ ਕੇ, ਕਜੀਆ ਗੁੜ ਦਾ।' ਸਾਨੂੰ ਕੁਝ ਨਾ ਸਮਝ ਆਉਣਾ ਤਾਂ ਉਸ ਨੇ ਝੱਟ ਦੱਸਣਾ, "ਪੁੱਤ ਪੁਰਾਣੇ ਸਮਿਆਂ 'ਚ ਕਿਹੜਾ ਬੋਰ ਹੁੰਦੇ ਸੀ! ਖੇਤੀ ਮੀਂਹ ਦੇ ਸਿਰ 'ਤੇ ਹੀ ਹੁੰਦੀ ਸੀ। ਜੇ ਮੀਂਹ ਪੈ ਜਾਂਦਾ ਸੀ ਤਾਂ ਦੋ ਮਣ ਦਾਣੇ ਹੋ ਜਾਂਦੇ, ਨਹੀਂ ਤਾਂ ਬਸ ਥੋੜ੍ਹੀ ਜ਼ਮੀਨ ਹੀ ਆਬਾਦ ਹੋਣ ਕਾਰਨ ਲੋਕਾਂ ਦਾ ਮਸਾਂ ਗੁਜ਼ਾਰਾ ਹੁੰਦਾ ਸੀ।" ਇਸ ਲਈ ਕਈ ਪਰਿਵਾਰਾਂ ਦੀ ਪੂੜੇ ਬਣਾਉਣ ਦੀ ਸਮਰੱਥਾ ਵੀ ਨਹੀਂ ਹੁੰਦੀ ਸੀ। ਅੱਜ ਮੈਨੂੰ ਉਹ ਕਹਾਵਤ ਸਮਝ ਆਉਂਦੀ ਹੈ ਤੇ ਮੈਂ ਸੋਚਦਾ ਹਾਂ ਕਿ ਅੱਜ ਤਾਂ ਹਰੇਕ ਘਰ ਟਿਊਬਵੈੱਲ ਹੈ, ਜ਼ਮੀਨਾਂ ਆਬਾਦ ਹਨ, ਸੌ ਸੌ ਮਣ ਦਾਣੇ ਹੁੰਦੇ ਹਨ, ਅੱਜ ਤਾਂ ਲੋਕਾਂ ਨੂੰ ਕਿਸੇ ਚੀਜ਼ ਦੀ ਥੁੜ੍ਹ ਨਹੀਂ; ਫਿਰ ਲੋਕਾਂ ਦੇ ਘਰ ਪੂੜੇ ਕਿਉਂ ਨਹੀਂ ਬਣਦੇ? ਮੇਰੀ ਦਾਦੀ ਹਾਲੇ ਆਪਣੀ ਜ਼ਿੰਦਗੀ ਦਾ



ਆਖ਼ਰੀ ਪੜਾਅ ਹੰਢਾ ਰਹੀ ਹੈ। ਮੈਂ ਇਕ ਦਿਨ ਉਸ ਨੂੰ ਇਹ ਸਵਾਲ ਪੁੱਛ ਲਿਆ ਤਾਂ ਉਸ ਨੇ ਬੜੀ ਲਿਆਕਤ ਨਾਲ ਜਵਾਬ ਦਿੱਤਾ। ਕਹਿੰਦੀ, "ਪੁੱਤ, ਅੱਜ ਲੋਕਾਂ 'ਚ ਅਪਣੱਤ, ਮੋਹ ਪਿਆਰ, ਸਬਰ, ਲਿਆਕਤ ਤੇ ਬਜ਼ੁਰਗਾਂ ਦੀ ਥੁੜ੍ਹ ਐ ਜਿਹੜੀ ਸੌ ਮਣ ਦਾਣਿਆਂ ਨਾਲ ਵੀ ਪੂਰੀ ਨਹੀਂ ਹੋਣੀ।" ਮੇਰੇ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। 'ਅਨਪੜ੍ਹ' ਦਾਦੀ ਦੀ ਇਸ ਗੱਲ ਅੱਗੇ ਮੇਰੀਆਂ ਕੀਤੀਆਂ ਸਾਰੀਆਂ ਡਿਗਰੀਆਂ ਦੀ ਪੜ੍ਹਾਈ ਵੀ ਅਸਮਰੱਥ ਜਾਪ ਰਹੀ ਸੀ। ਦਾਦੀ ਨੇ ਦੱਸਿਆ, "ਪੁੱਤ, ਪਹਿਲਾਂ ਘਰ ਆਏ ਮਹਿਮਾਨਾਂ ਨੂੰ ਖ਼ਾਸ ਤੌਰ 'ਤੇ ਪੂੜੇ ਬਣਾ ਕੇ ਖਵਾਏ ਜਾਂਦੇ ਸੀ।" ਉਸ ਨੇ ਦੱਸਣਾ, "ਪਹਿਲਾਂ ਤੇਰੀਆਂ ਭੂਆ ਵਰਗੀਆਂ ਨੇ ਸਾਉਣ ਦੇ ਮਹੀਨੇ ਆਉਣਾ। ਉਦੋਂ ਤੀਆਂ ਲੱਗਦੀਆਂ ਸੀ। ਨਾਲੇ ਪੀਘਾਂ ਝੂਟਦੀਆਂ ਤੇ ਨਾਲੇ ਪੂੜੇ ਖਾਈ ਜਾਣੇ।" ਅੱਜਕੱਲ੍ਹ ਸਾਉਣ ਦੇ ਮਹੀਨੇ ਸਿਲੰਡਰਾਂ 'ਤੇ ਬਣਦੀਆਂ ਮੈਗੀਆਂ ਆਦਿ ਦਾਦੀ ਦੇ ਚੁੱਲ੍ਹੇ 'ਤੇ ਬਣੇ ਪੂੜਿਆਂ ਦਾ ਸਵਾਦ ਨਹੀਂ ਦਿੰਦੀਆਂ। ਅੱਜ ਪੂੜੇ ਨਾ ਖਾਣ 'ਤੇ ਦਾਦੀ ਦੀ ਆਖੀ ਉਹ ਗੱਲ ਯਾਦ ਆਉਂਦੀ ਹੈ ਕਿ ਸਾਉਣ ਖੀਰ ਨਾ ਖਾਧੀਆ, ਤੂੰ ਕਿਉਂ ਜੰਮੇ ਅਪਰਾਧੀਆ? ਅੱਜ ਸੱਚੀਂ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਅਪਰਾਧੀਆਂ ਦੀ ਸ਼੍ਰੇਣੀ ਵਿਚ ਆ ਗਏ ਹਾਂ ਤੇ ਸਾਡਾ ਜੁਰਮ ਆਪਣੇ ਵਿਰਸੇ ਨਾਲੋਂ ਟੁੱਟ ਜਾਣਾ ਹੈ।

ਅੱਜਕੱਲ੍ਹ ਸਾਉਣ ਦੇ ਮਹੀਨੇ ਸਿਲੰਡਰਾਂ 'ਤੇ ਬਣਦੀਆਂ ਮੈਗੀਆਂ ਆਦਿ ਦਾਦੀ ਦੇ ਚੁੱਲ੍ਹੇ 'ਤੇ ਬਣੇ ਪੂੜਿਆਂ ਦਾ ਸਵਾਦ ਨਹੀਂ ਦਿੰਦੀਆਂ। ਅੱਜ ਪੂੜੇ ਨਾ ਖਾਣ 'ਤੇ ਦਾਦੀ ਦੀ ਆਖੀ ਉਹ ਗੱਲ ਯਾਦ ਆਉਂਦੀ ਹੈ ਕਿ ਸਾਉਣ ਖੀਰ ਨਾ ਖਾਧੀਆ, ਤੂੰ ਕਿਉਂ ਜੰਮੇ ਅਪਰਾਧੀਆ? ਅੱਜ ਸੱਚੀਂ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਅਪਰਾਧੀਆਂ ਦੀ ਸ਼੍ਰੇਣੀ ਵਿਚ ਆ ਗਏ ਹਾਂ ਤੇ ਸਾਡਾ ਜੁਰਮ ਆਪਣੇ ਵਿਰਸੇ ਨਾਲੋਂ ਟੁੱਟ ਜਾਣਾ ਹੈ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।


ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


Bank Turndown? Could be just what you need!
Quick Private Funds
$10,000 to $1 Million in just 24 Hours
Up to $5 Million Available
Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden or Ataulfo Mangoes 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋ
$14.99 box
EXTRA SUPER SUPER SPECIAL
Red Seedless Grapes
ਅੰਗੂਰ ਲਾਲ (ਬਿਨਾਂ ਬੀਜ ਤੋਂ)
99¢ lb
Veggie Marrow Squash
ਵੇਜੀ ਮੈਰੋ ਸੁਕ੍ਵਾਸ਼
99¢ lb
SUPER SPECIAL
Cherries
ਚੈਰੀਆਂ
$1.99 lb
SUPER SPECIAL
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$1.99 lb
Chickpeas
ਚਿੱਟੇ ਛੋਲੇ
99¢ lb
Britannia Punjabi Cookies 620 g
ਬ੍ਰਿਟਾਨੀਆ ਪੰਜਾਬੀ ਕੁਕੀਜ਼
$3.99 pkg.
SUPER SPECIAL
Yellow Onions 50 lbs
ਪੀਲੇ ਗੰਢੇ
$26.99 bag
SUPER SPECIAL
Spinach
ਪਾਲਕ
99¢ bunch
SUPER SPECIAL
Red Onions 25 lbs
ਲਾਲ ਗੰਢੇ
$18.98 bag
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$5.98 bag
Petha Kadhu
ਪੇਠਾ ਕੱਦੂ
99¢ lb
Fresh BC Tinda
ਬੀਸੀ ਤਾਜ਼ੇ ਟੀਂਡੇ
99¢ lb
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
English Cucumbers
ਇੰਗਲਿਸ਼ ਖੀਰੇ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Gala Apples
ਗਾਲਾ ਸੇਬ
$1.49 lb
Pink Lady Apples
ਪੀਂਕ ਲੇਡੀ ਐਪਲ
99¢ lb
Green Cardamom (Elaichi) IBG
ਹਰੀ ਇਲਾਇਚੀ
$13.99 lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚੁਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਂਨ)
$3.98 bag
Indian Eggplants
ਦੇਸੀ ਬਤਾਊਂ
99¢ lb
Roma Tomatoes
ਰੋਮਾ ਟਮਾਟਰ
$1.49 lb
Opo Squash (Long)
ਓਪੋ ਕੱਦੂ
88¢ lb
Daikon (Moli)
ਮੂਲੀ
98¢ lb
Plain Gur 2 lbs Shell
ਸਾਦਾ ਗੁੜ
$2.99 pkg.
Thur July 06, 2023 - Wed July 12, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------ 15230 84 Ave. ---------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------ 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520